ਐਤਵਾਰ, 10 ਦਸੰਬਰ, 2023
25 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 190

# ਨਵਾਂ ਜ਼ਮਾਨਾ

DAILY NAWAN ZAMANA • SUNDAY, 10 DECEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 10+6=16

# ਇੱਕ ਅਨਾਰ, ਸੌ ਬਿਮਾਰ

**ਨਵੀਂ ਦਿੱਲੀ** : ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਤਿੰਨ ਸੂਬਿਆ 'ਚ ਜਿੱਤ ਮਿਲੀ, ਹੁਣ ਪਾਰਟੀ ਇਨ੍ਹਾਂ ਸੂਬਿਆਂ 'ਚ ਮੁੱਖ ਮੰਤਰੀ ਕੌਣ ਬਣੇਗਾ, ਇਹ ਤੈਅ ਨਹੀਂ ਕਰ ਪਾ ਰਹੀ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਮੁੱਖ ਮੰਤਰੀ ਨੂੰ ਲੈ ਕੇ ਸਥਿਤੀ ਹਾਲੇ ਤੱਕ ਸਪੱਸ਼ਟ ਨਹੀਂ ਹੋ ਸਕੀ। ਦਿੱਲੀ 'ਚ ਚੱਲੇ ਮੁਲਾਕਾਤਾਂ ਦੇ ਦੌਰ ਅਤੇ ਮੀਟਿੰਗਾਂ ਤੋਂ ਬਾਅਦ ਪਾਰਟੀ 'ਚ ਸਹਿਮਤੀ ਨਹੀਂ ਬਣ ਪਾ ਰਹੀ, ਹੁਣ ਕਿਹਾ ਜਾ ਰਿਹਾ ਹੈ ਕਿ ਸੋਮਵਾਰ ਤੱਕ ਮੁੱਖ ਮੰਤਰੀਆਂ ਦੇ ਨਾਵਾਂ ਦਾ ਐਲਾਨ ਹੋ ਸਕਦਾ ਹੈ।


ਕੇਂਦਰੀ ਨੇਤਾਵਾਂ ਨੂੰ ਡਰ ਹੈ ਕਿ ਤਿੰਨਾਂ ਸੂਬਿਆਂ 'ਚ ਭਾਜਪਾ ਦੀ ਅੰਦਰੂਨੀ ਗੁੱਟਬਾਜ਼ੀ ਕਾਰਨ ਬਹੁਮਤ ਮਿਲਣ ਤੋਂ ਬਾਅਦ ਵੀ ਕਿਤੇ ਕਿਰਕਿਰੀ ਦਾ ਸਬੱਬ ਨਾ ਬਣ ਜਾਵੇ। ਇਸੇ ਕਾਰਨ ਸਿਖਰਲੀ ਅਗਵਾਈ ਮੁੱਖ ਮੰਤਰੀਆਂ ਦੇ ਚਿਹਰੇ ਨੂੰ ਲੈ ਕੇ ਬੇਹੱਦ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਭਾਜਪਾ ਹਾਈਕਮਾਂਡ ਮਤਲਬ ਮੋਦੀ, ਸ਼ਾਹ ਅਤੇ ਨੱਢਾ ਵਿਚਾਲੇ ਇਸ ਗੱਲ ਨੂੰ ਲੈ ਕੇ ਮੰਥਨ ਚੱਲ ਰਿਹਾ ਹੈ ਕਿ ਸਾਲ 2024 ਦੀਆਂ ਆਮ ਚੋਣਾਂ ਨੂੰ ਦੇਖਦੇ ਹੋਏ ਮੁੱਖ ਮੰਤਰੀ ਦਾ ਚਿਹਰਾ ਤੈਅ ਕੀਤਾ ਜਾਵੇ, ਤਾਂ ਕਿ ਪਾਰਟੀ ਨੂੰ



ਅਗਾਮੀ ਆਮ ਚੋਣਾਂ 'ਚ ਵੀ ਉਸ ਦਾ ਲਾਭ ਮਿਲ ਸਕੇ। ਇਹੀ ਕਾਰਨ ਹੈ ਕਿ ਸੱਤਾ 'ਚ ਆਉਣ ਤੋਂ ਬਾਅਦ ਵੀ ਭਾਜਪਾ ਹਾਲੇ ਤੱਕ ਛੱਤੀਸਗੜ੍ਹ, ਰਾਜਸਥਾਨ ਅਤੇ ਮੱਧ ਪ੍ਰਦੇਸ਼ 'ਚ ਮੁੱਖ ਮੰਤਰੀ ਦੇ ਚਿਹਰੇ 'ਤੇ ਮੋਹਰ ਨਹੀਂ ਲਾ ਸਕੀ। ਭਾਜਪਾ ਦੇ ਅੰਦਰ ਮੁੱਖ ਮੰਤਰੀ ਅਹੁਦੇ ਨੂੰ ਲੈ ਕੇ 'ਇੱਕ ਅਨਾਰ, ਸੌ ਬਿਮਾਰ' ਦੀ ਕਹਾਵਤ ਸੱਚ ਹੋ ਰਹੀ ਹੈ। ਕੇਂਦਰੀ ਅਬਜ਼ਰਵਰਾਂ ਦੀ ਟੀਮ ਐਤਵਾਰ ਜੈਪੁਰ ਪਹੁੰਚ ਕੇ ਵਿਧਾਇਕਾਂ ਨਾਲ ਮੀਟਿੰਗ ਕਰੇਗੀ। ਟੀਮ 'ਚ ਰੱਖਿਆ ਮੰਤਰੀ ਰਾਜਨਾਥ ਸਿੰਘ, ਰਾਸ਼ਟਰੀ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਰਾਜ ਸਭਾ ਸਾਂਸਦ ਸਰੋਪ ਪਾਂਡੇ ਸ਼ਾਮਲ ਹਨ। ਰਾਜਸਥਾਨ 'ਚ ਮੁੱਖ ਮੰਤਰੀ ਨੂੰ ਲੈ ਕੇ ਵੱਡੇ ਪੱਧਰ 'ਤੇ ਜ਼ੋਰ-ਅਜ਼ਮਾਇਸ਼ ਹੋ ਰਹੀ ਹੈ। ਇਸ ਦੌੜ 'ਚ ਬਾਕੀ ਨੇਤਾਵਾਂ ਦੇ ਨਾਲ-ਨਾਲ ਨਾਲ ਬਾਬਾ ਬਾਲਕ ਨਾਥ ਦਾ ਨਾਂਅ ਵੀ ਹੈ, ਜਿਨ੍ਹਾ ਤਿਜਾਰਾ ਵਿਧਾਨ ਸਭਾ ਸੀਟ ਤੋਂ ਚੋਣ ਜਿੱਤੀ। ਹਾਲਾਂਕਿ ਉਨ੍ਹਾ ਦੀ ਇੱਕ ਸੋਸ਼ਲ ਮੀਡੀਆ ਪੋਸਟ ਨਾਲ ਅਟਕਲਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ। ਉਨ੍ਹਾ ਆਪਣੇ 'ਐਕਸ' ਪਲੇਟਫਾਰਮ 'ਤੇ ਪੋਸਟ ਕਰਦੇ ਹੋਏ ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਚਰਚਾਵਾਂ ਨੂੰ ਨਜ਼ਰਅੰਦਾਜ਼ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾ ਕਿਹਾ—ਹਾਲੇ ਮੈਨੂੰ ਹੋਰ ਅਨੁਭਵ ਦੀ ਲੋੜ ਹੈ। ਉਨ੍ਹਾ ਦੀ ਇਸ ਪੋਸਟ ਤੋਂ ਬਾਅਦ ਬਾਬਾ ਬਾਲਕ ਨਾਥ ਦੇ ਮੁੱਖ ਮੰਤਰੀ ਅਹੁਦੇ ਦੀ ਦੌੜ 'ਚੋਂ ਬਾਹਰ ਹੋਣ ਦਾ ਕਿਆਸ ਲਾਇਆ ਜਾ ਰਿਹਾ ਹੈ। ਜਾਣਕਾਰਾਂ ਦਾ ਮੰਨੀਏ ਤਾਂ ਭਾਜਪਾ ਲੋਕ ਸਭਾ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਮੁੱਖ ਮੰਤਰੀ ਦੇ ਚਿਹਰੇ 'ਤੇ ਵਿਚਾਰ ਕਰ ਰਹੀ ਹੈ। ਇਸ ਦੌੜ 'ਚ ਸਭ ਤੋਂ ਪਹਿਲਾ ਨਾਂਅ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਦਾ ਮੰਨਿਆ ਜਾ ਰਿਹਾ ਹੈ, ਦੂਜਾ ਨਾਂਅ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦਾ ਕਿਹਾ ਜਾ ਰਿਹਾ ਹੈ। ਇਸ ਤੋਂ ਬਾਅਦ ਨਾਂਅ ਆਉਂਦਾ ਹੈ ਜੈਪੁਰ ਰਾਜ ਘਰਾਣੇ ਦੀ ਦੀਆ

● ਬਾਕੀ ਸਫ਼ਾ 2 'ਤੇ

## ਸ਼੍ਰੀਨਗਰ 'ਚ ਪਾਰਾ ਮਨਫੀ 'ਚ



**ਸ਼੍ਰੀਨਗਰ** : ਜੰਮੂ-ਕਸ਼ਮੀਰ ਦੀ ਰਾਜਧਾਨੀ ਸ਼੍ਰੀਨਗਰ ਸ਼ਨੀਵਾਰ੍ਹ ਜੰਮ ਗਈ, ਇੱਥੇ ਘੱਟੋ-ਘੱਟ ਤਾਪਮਾਨ ਜ਼ੀਰੋ ਤੋਂ ਹੇਠਾਂ 4.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਮੌਸਮ 'ਚ ਪਹਿਲੀ ਵਾਰ ਸਥਾਨਕ ਲੋਕਾਂ ਨੂੰ ਰਾਤ ਸਮੇਂ ਪੀਣ ਵਾਲੀ ਪਾਣੀ ਦੀਆਂ ਪਾਈਪਾਂ ਨੂੰ ਜੰਮਣ ਤੋਂ ਬਚਾਉਣ ਲਈ ਪਾਈਪਾਂ ਦੇ ਨੇੜੇ ਅੱਗ ਬਾਲਦੇ ਦੇਖਿਆ ਗਿਆ। ਸਵੇਰੇ-ਸਵੇਰੇ ਬਾਹਰ ਨਿਕਲਣ ਵਾਲੇ ਸਥਾਨਕ ਲੋਕ ਟੋਪੀ ਅਤੇ ਮਫ਼ਲਰਾਂ ਦੇ ਨਾਲ ਊਨੀ ਕੱਪੜਿਆਂ 'ਚ ਦਿਖਾਈ ਦਿੱਤੇ। ਮੌਸਮ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ, 'ਸ਼੍ਰੀਨਗਰ 'ਚ ਰਾਤ ਦਾ ਘੱਟੋ-ਘੱਟ ਤਾਪਮਾਨ ਮਨਫੀ 4.6 ਡਿਗਰੀ, ਗੁਲਮਰਗ 'ਚ ਮਨਫੀ ਡਿਗਰੀ ਅਤੇ ਪਹਿਲਗਾਮ 'ਚ ਮਨਫੀ 5 ਡਿਗਰੀ ਰਿਹਾ। ਲੱਦਾਖ ਖੇਤਰ ਦੇ ਲੇਹ 'ਚ ਸ਼ਨੀਵਾਰ ਘੱਟੋ-ਘੱਟ ਤਾਪਮਾਨ ਮਨਫੀ 11.7 ਡਿਗਰੀ, ਕਾਰਗਿਲ 'ਚ ਮਨਫੀ 8.8 ਡਿਗਰੀ ਅਤੇ ਦਰਾਸ 'ਚ ਮਨਫੀ 11 ਡਿਗਰੀ ਰਿਹਾ। ਜੰਮੂ ਸ਼ਹਿਰ 'ਚ ਘੱਟੋ-ਘੱਟ ਤਾਪਮਾਨ 8.1, ਕਟੜਾ 'ਚ 8 ਡਿਗਰੀ, ਭਦਰਵਾਹ 'ਚ 0.5 ਡਿਗਰੀ ਅਤੇ ਬਨੀਹਾਲ 'ਚ ਮਨਫੀ 0.8 ਡਿਗਰੀ ਰਿਹਾ। ਮੌਸਮ ਵਿਭਾਗ ਅਨੁਸਾਰ ਪੰਜਾਬ 'ਚ 10 ਦਸੰਬਰ ਤੋਂ ਮੁੜ ਮੌਸਮ 'ਚ ਤਬਦੀਲੀ ਆਉਣ ਦੀ ਸੰਭਾਵਨਾ ਹੈ। ਇਸ ਦੌਰਾਨ 10 ਅਤੇ 11 ਦਸੰਬਰ ਨੂੰ ਤੇਜ਼ ਹਵਾਵਾਂ ਦੇ ਨਾਲ ਬੱਦਲ ਛਾਏ ਰਹਿਣਗੇ। 13 ਦਸੰਬਰ ਤੋਂ ਪੱਛਮੀ ਗੜਬੜੀ ਕਾਰਨ ਪੰਜਾਬ 'ਚ ਕਈ ਥਾਵਾਂ 'ਤੇ ਮੀਂਹ ਨਾਲ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ।

## ਕੁਸ਼ਤੀ ਸੰਘ ਦੀਆਂ ਚੋਣਾਂ 21 ਨੂੰ

**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਮਹਾਂ ਸੰਘ (ਡਬਲਿਊ ਐੱਫ ਆਈ) ਦੀਆਂ ਚੋਣਾਂ ਦਾ ਇੰਤਜ਼ਾਰ ਖ਼ਤਮ ਹੋ ਗਿਆ ਹੈ। ਭਾਰਤੀ ਕੁਸ਼ਤੀ ਮਹਾਂ ਸੰਘ ਦੀਆਂ ਚੋਣਾਂ 21 ਦਸੰਬਰ ਨੂੰ ਹੋਣਗੀਆਂ ਅਤੇ ਉਸੇ ਦਿਨ ਹੀ ਨਤੀਜਿਆਂ ਦਾ ਵੀ ਐਲਾਨ ਕਰ ਦਿੱਤਾ ਜਾਵੇਗਾ। ਚੋਣ ਅਧਿਕਾਰੀ ਨੇ ਸ਼ਨੀਵਾਰ ਇਹ ਜਾਣਕਾਰੀ ਦਿੱਤੀ। ਚੋਣ ਅਧਿਕਾਰੀ ਜਸਟਿਸ (ਰਿਟਾਇਰਡ) ਐੱਮ ਐੱਮ ਕੁਮਾਰ ਦੇ ਦਫ਼ਤਰ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਵੋਟਿੰਗ, ਵੋਟਾਂ ਦੀ ਗਿਣਤੀ ਅਤੇ ਨਤੀਜਿਆਂ ਦਾ ਐਲਾਨ ਉਸੇ ਹੀ ਦਿਨ ਕੀਤਾ ਜਾਵੇਗਾ। ਸੰਘ ਦੇ ਸਾਬਕਾ ਪ੍ਰਧਾਨ ਬ੍ਰਿਜੇਸ਼ ਭੂਸ਼ਣ ਸ਼ਰਣ ਸਿੰਘ ਖਿਲਾਫ਼ ਜਿਨਸ਼ੀ ਸ਼ੋਸ਼ਣ ਦੇ ਦੋਸ਼ 'ਚ ਕਈ ਵਾਰ ਚੋਣਾਂ ਟਲ ਚੁੱਕੀਆਂ ਹਨ। ਚੋਣਾਂ ਕਰਾਉਣ ਦਾ ਫੈਸਲਾ ਸੁਪਰੀਮ ਕੋਰਟ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਲਾਈ ਗਈ ਰੋਕ ਨੂੰ ਖਾਰਜ ਕਰਨ ਤੋਂ ਬਾਅਦ ਆਇਆ ਹੈ।

## ਚੀਨੀ ਡਰੋਨ ਬਰਾਮਦ

**ਫਿਰੋਜ਼ਪੁਰ** : ਬੀ ਐੱਸ ਐੱਫ ਨੇ ਸ਼ਨੀਵਾਰ ਸਵੇਰੇ ਪਿੰਡ ਰੋਹੇਲਾ ਹਾਜੀ ਨਾਲ ਲੱਗਦੇ ਖੇਤਾਂ ਵਿੱਚੋਂ ਛੋਟੇ ਡਰੋਨ ਨੂੰ ਹੋਲਡ ਅਤੇ ਰਿਲੀਜ਼ ਮਕੈਨਿਜ਼ਮ ਸਮੇਤ ਬਰਾਮਦ ਕੀਤਾ। ਇਹ ਡਰੋਨ ਚੀਨ ਦਾ ਬਣਿਆ ਕਵਾਡਕਾਪਟਰ ਹੈ।ਬੀ ਐੱਸ ਐੱਫ ਦੇ ਬੁਲਾਰੇ ਨੇ ਦੱਸਿਆ ਕਿ ਬੀਤੀ ਰਾਤ ਜਵਾਨਾਂ ਨੇ ਪਿੰਡ ਮੱਬੋ ਕੇ ਨੇੜੇ ਸ਼ੱਕੀ ਡਰੋਨ ਦੀ ਆਵਾਜ਼ ਸੁਣੀ ਤੇ ਉਸ 'ਤੇ ਗੋਲੀਆਂ ਦਾਗੀਆਂ। ਸ਼ਨੀਵਾਰ ਸਵੇਰੇ ਇਲਾਕੇ ਦੀ ਤਲਾਸ਼ੀ ਦੌਰਾਨ ਇਹ ਡਰੋਨ ਮਿਲਿਆ।

## ਸੋਨੀਆ ਨੂੰ ਮੋਦੀ ਨੇ ਜਨਮ ਦਿਨ ਦੀ ਦਿੱਤੀ ਵਧਾਈ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਨੂੰ ਉਨ੍ਹਾ ਦੇ 77ਵੇਂ ਜਨਮ ਦਿਨ 'ਤੇ ਵਧਾਈ ਦਿੱਤੀ। ਮੋਦੀ ਨੇ 'ਐਕਸ' 'ਤੇ ਲਿਖਿਆ, 'ਸ੍ਰੀਮਤੀ ਸੋਨੀਆ ਗਾਂਧੀ ਨੂੰ ਉਨ੍ਹਾ ਦੇ ਜਨਮ ਦਿਨ 'ਤੇ ਸ਼ੁਭਕਾਮਨਾਵਾਂ। ਪ੍ਰਮਾਤਮਾ ਉਨ੍ਹਾ ਨੂੰ ਲੰਮੀ ਉਮਰ ਅਤੇ ਚੰਗੀ ਸਿਹਤ ਬਖ਼ਸ਼ੇ।' ਸੋਨੀਆ ਗਾਂਧੀ ਦਾ ਜਨਮ 9 ਦਸੰਬਰ 1946 ਨੂੰ ਇਟਲੀ 'ਚ ਹੋਇਆ ਸੀ। ਉਹ ਸਭ ਤੋਂ ਲੰਮਾ ਸਮਾਂ ਕਾਂਗਰਸ ਦੀ ਪ੍ਰਧਾਨ ਰਹੀ।

## ਐੱਨ ਆਈ ਏ ਵੱਲੋਂ ਤਾਬੜਤੋੜ ਛਾਪੇਮਾਰੀ, 13 ਗ੍ਰਿਫ਼ਤਾਰ

**ਨਵੀਂ ਦਿੱਲੀ** : ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਆਈ ਐੱਸ ਆਈ ਐੱਸ ਸਾਜ਼ਿਸ਼ ਮਾਮਲੇ 'ਚ 44 ਤੋਂ ਵੱਧ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਏਜੰਸੀ ਨੇ ਕਰਨਾਟਕ, ਮਹਾਰਾਸ਼ਟਰ ਅਤੇ ਹੋਰ ਥਾਵਾਂ 'ਤੇ ਸ਼ਨੀਵਾਰ ਸਵੇਰੇ 44 ਤੋਂ ਵੱਧ ਥਾਵਾਂ 'ਤੇ ਤਲਾਸ਼ੀ ਲਈ।ਠਾਣੇ, ਪੁਣੇ, ਮੀਰਾ ਭਾਯੰਦਰ ਦੇ ਕਈ ਟਿਕਾਣਿਆਂ 'ਤੇ ਵੀ ਤਲਾਸ਼ੀ ਅਭਿਆਨ ਚਲਾਇਆ ਗਿਆ। ਮਾਮਲੇ 'ਚ 13 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਰਾਸ਼ਟਰੀ ਜਾਂਚ ਜਾਂਚ ਏਜੰਸੀ ਨੇ ਕਰਨਾਟਕ ਦੇ ਇੱਕ ਥਾਂ 'ਤੇ ਛਾਪੇਮਾਰੀ ਕੀਤੀ। ਧਮਾਕਾਖੇਜ ਸਮਗਰੀ ਬਣਾਉਣ 'ਚ ਕਥਿਤ ਤੌਰ 'ਤੇ ਸ਼ਾਮਲ ਇੱਕ ਸ਼ੱਕੀ ਆਫਿਕ ਨਾਚਨ ਨੂੰ ਪਿਛਲੀ ਅਗਸਤ 'ਚ ਗ੍ਰਿਫਤਾਰ ਕੀਤਾ ਗਿਆ ਸੀ, ਜੋ ਆਈ ਐੱਸ ਆਈ ਐੱਸ ਅੱਤਵਾਦੀ ਮਡਿਊਲ ਮਾਮਲੇ 'ਚ ਗ੍ਰਿਫ਼ਤਾਰ ਹੋਣ ਵਾਲਾ ਛੇਵਾਂ ਦੋਸ਼ੀ ਸੀ। ਪੰਜ ਹੋਰ ਮੁੰਬਈ ਤੋਂ ਤਾਬਿਸ਼ ਨਾਸਿਰ, ਪੁਣੇ ਤੋਂ ਜ਼ੁਬੈਰ ਨੂਰ ਮੁਹੰਮਦ ਸ਼ੇਖ ਉਰਫ ਅਬੂ ਨੁਸੇਬਾ ਅਤੇ ਅਦਨਾਨ ਸਰਕਾਰ ਅਤੇ ਠਾਣੇ ਤੋਂ ਸ਼ਰਜੀਲ ਸ਼ੇਖ ਅਤੇ ਜ਼ੁਲਫੀਕਾਰ ਅਲੀ ਬੜੌਦਾ ਵਾਲਾ ਨੂੰ ਏਜੰਸੀ ਨੇ ਪਿਛਲੇ ਮਹੀਨੇ ਗ੍ਰਿਫ਼ਤਾਰ ਕੀਤਾ ਸੀ। ਐੱਨ ਆਈ ਏ ਨੇ ਇਸ ਸਾਲ ਦੇ ਸ਼ੁਰੂ ਵਿੱਚ ਆਈ ਐੱਸ ਆਈ ਐੱਸ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਸੀ।

# 'ਆਪ' ਸਰਕਾਰ ਤੁਹਾਡੇ ਘਰ ਤੁਹਾਡੇ ਕੰਮ ਕਰਨ ਆਵੇਗੀ : ਕੰਗ

■ ਭਗਵੰਤ ਮਾਨ ਤੇ ਕੇਜਰੀਵਾਲ ਲੁਧਿਆਣਾ 'ਚ 'ਸਰਕਾਰ ਤੁਹਾਡੇ ਦੁਆਰ' ਸਕੀਮ ਦੀ ਅੱਜ ਕਰਨਗੇ ਸ਼ੁਰੂਆਤ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਭਲਕੇ ਲੁਧਿਆਣਾ ਵਿੱਚ 'ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ' ਸਕੀਮ ਦੀ ਸ਼ੁਰੂਆਤ ਕਰਨਗੇ।ਸ਼ਨੀਵਾਰ ਚੰਡੀਗੜ੍ਹ ਪਾਰਟੀ ਹੈੱਡਕੁਆਰਟਰ ਵਿਖੇ ਮੀਡੀਆ ਨੂੰ ਇਹ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਦੱਸਿਆ ਕਿ ਇਸ ਸਕੀਮ ਦੇ ਲਾਗੂ ਹੋਣ ਤੋਂ ਬਾਅਦ ਆਮ ਲੋਕਾਂ ਲਈ ਲੋੜੀਂਦੀ ਲਗਭਗ ਸਾਰੀ ਕਾਗਜ਼ੀ ਕਾਰਵਾਈ ਘਰ ਬੈਠੇ ਹੀ ਪੂਰੀ ਕਰ ਲਈ ਜਾਵੇਗੀ। ਇਸ ਤਹਿਤ ਲੋਕਾਂ ਨੂੰ 43 ਨਾਗਰਿਕ ਸੇਵਾਵਾਂ ਉਨ੍ਹਾਂ ਦੇ ਦਰਵਾਜ਼ੇ 'ਤੇ ਮਿਲਣਗੀਆਂ। ਕੰਗ ਨੇ ਦੱਸਿਆ ਕਿ ਅਸਲਾ ਲਾਇਸੈਂਸ, ਆਧਾਰ ਕਾਰਡ ਅਤੇ ਸਟੈਂਪ ਪੇਪਰ ਨੂੰ ਛੱਡ ਕੇ ਲਗਭਗ ਸਾਰੀਆਂ ਸਰਕਾਰੀ ਸੇਵਾਵਾਂ ਇਸ ਸਕੀਮ ਦੇ ਦਾਇਰੇ ਵਿੱਚ ਆਉਣਗੀਆਂ।ਇਸ ਤਹਿਤ ਜਨਮ, ਵਿਆਹ, ਮੌਤ, ਆਮਦਨ, ਰਿਹਾਇਸ਼, ਜਾਤੀ, ਪੇਂਡੂ ਖੇਤਰ, ਸਰਹੱਦੀ ਖੇਤਰ, ਪਛੜਾ ਖੇਤਰ, ਪੈਨਸ਼ਨ, ਬਿਜਲੀ ਬਿੱਲ ਦਾ ਭੁਗਤਾਨ, ਜ਼ਮੀਨ ਦਾ ਹੱਦਬੰਦੀ ਸਰਟੀਫਿਕੇਟ ਅਤੇ ਹੋਰ ਸਿਵਲ ਸਹੂਲਤਾਂ ਘਰ ਬੈਠੇ ਹੀ ਮਿਲਣਗੀਆਂ।ਇਸ ਦੇ ਲਈ ਸਰਕਾਰ ਵੱਲੋਂ ਇੱਕ ਹੈਲਪਲਾਈਨ ਨੰਬਰ 1076 ਜਾਰੀ ਕੀਤਾ ਗਿਆ ਹੈ, ਜਿਸ 'ਤੇ ਕਾਲ ਕਰਕੇ ਲੋਕ ਆਪਣੀ ਸਹੂਲਤ ਅਨੁਸਾਰ ਮੁਲਾਕਾਤ ਦਾ ਸਮਾਂ ਤਹਿ ਕਰ ਸਕਣਗੇ ਅਤੇ ਆਪਣਾ ਕੰਮ ਨਿਪਟਾਉਣਗੇ। ਸਮਾਂ ਅਤੇ ਤਰੀਕ ਤੈਅ ਹੋਣ ਤੋਂ ਬਾਅਦ ਲੋਕਾਂ ਨੂੰ ਲੋੜੀਂਦੇ ਦਸਤਾਵੇਜ਼ਾਂ, ਫੀਸਾਂ ਅਤੇ ਹੋਰ ਚੀਜ਼ਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਦੇ ਲਈ ਲੋਕਾਂ ਨੂੰ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ ਅਤੇ ਮੁਲਾਕਾਤ ਦੀ ਮਿਤੀ/ਸਮਾਂ ਦੇ ਨਾਲ ਇੱਕ ਐੱਸ ਐੱਮ ਐੱਸ ਪ੍ਰਾਪਤ ਹੋਵੇਗਾ।ਇਸ ਕੰਮ



ਨੂੰ ਪੂਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਸਟਾਫ਼ ਟੈਬਲੈੱਟਾਂ ਦੇ ਨਾਲ ਨਿਰਧਾਰਤ ਸਮੇਂ 'ਤੇ ਉਨ੍ਹਾਂ ਦੇ ਘਰਾਂ / ਦਫਤਰਾਂ ਦਾ ਦੌਰਾ ਕਰੇਗਾ ਅਤੇ ਜ਼ਰੂਰੀ ਕਾਗਜ਼ੀ ਕਾਰਵਾਈ ਪੂਰੀ ਕਰੇਗਾ। ਫੀਸਾਂ ਇਕੱਠੀਆਂ ਕਰੇਗਾ ਅਤੇ ਰਸੀਦਾਂ ਦੇਵੇਗਾ, ਜਿਸ ਨਾਲ ਨਾਗਰਿਕ ਆਪਣੀਆਂ ਅਰਜ਼ੀਆਂ ਨੂੰ ਟਰੈਕ ਕਰਨ ਦੇ ਯੋਗ ਹੋਣਗੇ। ਉਨ੍ਹਾਂ ਦੇ ਸਰਟੀਫਿਕੇਟਾਂ ਦੀ ਸਾਫਟ ਕਾਪੀ ਮੋਬਾਇਲ ਫੋਨ 'ਤੇ ਭੇਜੀ ਜਾਵੇਗੀ ਅਤੇ ਦਸਤਾਵੇਜ਼ਾਂ ਦੀ ਹਾਰਡ ਕਾਪੀ ਘਰ-ਘਰ ਪਹੁੰਚਾਈ ਜਾਵੇਗੀ। ਕੰਗ ਨੇ ਕਿਹਾ ਕਿ ਇਸ ਸਕੀਮ ਨਾਲ ਪੰਜਾਬ ਦੇ ਆਮ ਲੋਕਾਂ ਨੂੰ ਕਾਫੀ ਰਾਹਤ ਮਿਲੇਗੀ। ਹੁਣ ਉਨ੍ਹਾਂ ਨੂੰ ਇਨ੍ਹਾਂ ਕੰਮਾਂ ਲਈ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ, ਜਦੋਂ ਕਿ ਪਹਿਲਾਂ ਲੋਕਾਂ ਨੂੰ ਇਨ੍ਹਾਂ ਦਸਤਾਵੇਜ਼ਾਂ ਦੀ ਤਸਦੀਕ ਕਰਵਾਉਣ ਲਈ ਸਰਕਾਰੀ ਦਫ਼ਤਰਾਂ ਵਿੱਚ ਘੰਟਿਆਂਬੱਧੀ ਕਤਾਰਾਂ ਵਿੱਚ ਖੜ੍ਹ ਕੇ ਕਈ ਗੇੜੇ ਮਾਰਨੇ ਪੈਂਦੇ ਸਨ।ਇਸ ਤੋਂ ਇਲਾਵਾ ਇਸ ਸਕੀਮ ਦੇ ਲਾਗੂ ਹੋਣ ਤੋਂ ਬਾਅਦ ਲੋਕਾਂ ਨੂੰ ਵਿਚੋਲਿਆਂ ਤੋਂ ਵੀ ਛੁਟਕਾਰਾ ਮਿਲੇਗਾ।

## ਦਾਨਿਸ਼ ਨੂੰ ਬਸਪਾ 'ਚੋਂ ਕੱਢਿਆ

**ਨਵੀਂ ਦਿੱਲੀ** : ਬਹੁਜਨ ਸਮਾਜ ਪਾਰਟੀ (ਬਸਪਾ) ਨੇ ਆਪਣੇ ਸਾਂਸਦ ਦਾਨਿਸ਼ ਅਲੀ 'ਤੇ ਪਾਰਟੀ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਹੋਣ ਦਾ ਦੋਸ਼ ਲਾਉਂਦੇ ਹੋਏ ਪਾਰਟੀ 'ਚ ਕੱਢ ਦਿੱਤਾ।



ਲੋਕ ਸਭਾ ਸਾਂਸਦ ਦਾਨਿਸ਼ ਅਲੀ ਨਾਲ ਕੁਝ ਮਹੀਨੇ ਪਹਿਲਾਂ ਸਦਨ 'ਚ ਭਾਜਪਾ ਨੇਤਾ ਰਮੇਸ਼ ਬਿਧੂੜੀ ਨੇ ਦੁਰਵਿਹਾਰ ਕੀਤਾ ਸੀ, ਉਨ੍ਹਾ ਨੂੰ ਅੱਪਸ਼ਬਦ ਕਹੇ ਸਨ। ਦਾਨਿਸ਼ ਅਲੀ ਨੇ ਲੋਕ ਸਭਾ 'ਚ ਮੁਅੱਤਲ ਤ੍ਰਿਣਮੂਲ ਕਾਂਗਰਸ ਨੇਤਾ ਮਹੂਆ ਮੋਇਤਰਾ ਲਈ ਇਨਸਾਫ਼ ਦੀ ਮੰਗ ਕਰਨ ਲਈ ਸ਼ੁੱਕਰਵਾਰ ਸੰਸਦ ਦੇ ਬਾਹਰ ਵਿਰੋਧ ਪ੍ਰਦਰਸ਼ਨ ਵੀ ਕੀਤਾ ਸੀ। ਦਾਨਿਸ਼ ਅਲੀ ਨੇ ਗਲੇ 'ਚ ਇੱਕ ਤਖ਼ਤੀ ਲਟਕੀ ਹੋਈ ਸੀ, ਜਿਸ 'ਤੇ ਲਿਖਿਆ ਸੀ, 'ਪੀੜਤ ਨੂੰ ਅਪਰਾਧੀ ਨਾ ਬਣਾਓ।' ਬਸਪਾ ਵੱਲੋਂ ਇਸ ਸੰਬੰਧ 'ਚ ਜਾਰੀ ਚਿੱਠੀ 'ਚ ਲਿਖਿਆ ਗਿਆ, 'ਦਾਨਿਸ਼ ਅਲੀ ਬੀ ਐੱਸ ਪੀ ਲੋਕ ਸਭਾ ਸਾਂਸਦ ਅਮਰੋਹਾ (ਯੂ ਪੀ) ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਅੱਜ 9 ਦਸੰਬਰ ਨੂੰ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।' ਅੱਗੇ ਲਿਖਿਆ ਹੈ, 'ਤੁਹਾਨੂੰ ਕਈ ਵਾਰ ਕਿਹਾ ਗਿਆ ਕਿ ਤੁਸੀਂ ਪਾਰਟੀ ਦੀਆਂ ਨੀਤੀਆਂ, ਵਿਚਾਰਧਾਰਾ ਅਤੇ ਅਨੁਸ਼ਾਸ਼ਨ ਖਿਲਾਫ ਕੋਈ ਵੀ ਬਿਆਨ ਜਾਂ ਕਾਰਵਾਈ ਨਾ ਦਿਓ, ਪਰ ਇਸ ਤੋਂ ਬਾਅਦ ਵੀ ਤੁਸੀਂ ਲਗਾਤਾਰ ਪਾਰਟੀ ਖਿਲਾਫ਼ ਕੰਮ ਕਰਦੇ ਰਹੇ।'

## ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨਣ 'ਤੇ ਗਹਿਲੋਤ ਭਾਜਪਾ 'ਤੇ ਭੜਕੇ

**ਜੈਪੁਰ** : ਚੋਣ ਨਤੀਜਿਆਂ ਦੇ ਛੇ ਦਿਨ ਬਾਅਦ ਵੀ ਜਿੱਤੇ ਗਏ ਤਿੰਨ ਸੂਬਿਆਂ 'ਚ ਮੁੱਖ ਮੰਤਰੀ ਦੇ ਨਾਂਅ ਦਾ ਐਲਾਨ ਨਾ ਕਰਨ ਕਾਰਨ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਭਾਜਪਾ 'ਤੇ ਨਿਸ਼ਾਨਾ ਲਾਇਆ। ਉਨ੍ਹਾ ਦੋਸ਼ ਲਾਇਆ ਕਿ ਭਾਜਪਾ 'ਚ ਬਿਖਰਾਅ ਹੈ ਅਤੇ ਪਾਰਟੀ 'ਚ ਅਨੁਸ਼ਾਸਨ ਨਹੀਂ। ਸ਼ਨੀਵਾਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਸ਼ੋਕ ਗਹਿਲੋਤ ਨੇ ਕਿਹਾ, 'ਸੱਤ ਦਿਨ ਹੋ ਗਏ ਲਗਭਗ, ਭਾਜਪਾ ਤਿੰਨ ਸੂਬਿਆਂ 'ਚ ਮੁੱਖ ਮੰਤਰੀ ਦਾ ਚਿਹਰਾ ਨਹੀਂ ਐਲਾਨ ਸਕੀ। ਪਾਰਟੀ 'ਚ ਬਿਖਰਾਅ ਹੈ, ਅਨੁਸ਼ਾਸਨ ਨਹੀਂ। ਇਹ ਸਾਡੀ ਪਾਰਟੀ 'ਚ ਛੇ ਦਿਨ ਲੱਗ ਜਾਂਦੇ ਤਾਂ ਪਤਾ ਨਹੀਂ ਕੀ-ਕੀ ਦੋਸ਼ ਲਾਉਂਦੇ।' ਗਹਿਲੋਤ ਨੇ ਦੋਸ਼ ਲਾਇਆ ਕਿ ਭਾਜਪਾ ਨੇ ਗਲਤ ਤਰੀਕੇ ਨਾਲ ਚੋਣ ਜਿੱਤੀਆਂ। ਜਨਤਾ ਦੇ ਮੁੱਦੇ ਨਹੀਂ ਚੁੱਕੇ, ਧਾਰਮਿਕ ਮੁੱਦਿਆਂ 'ਤੇ ਚਰਚਾ ਕਰਕੇ ਜਨਤਾ ਨੂੰ ਭਾਵਨਾਤਮਕ ਰੂਪ ਨਾਲ ਭੁਲੇਖੇ 'ਚ ਰੱਖਿਆ। ਇਹ ਤਿੰਨ ਤਲਾਕ, ਧਾਰਾ 370 ਵਰਗੇ ਮੁੱਦਿਆਂ 'ਤੇ ਚੋਣ ਲੜੇ ਹਨ। ਜਨਤਾ ਦੀਆਂ ਸਮੱਸਿਆਵਾਂ 'ਤੇ ਇਹ ਕੁਝ ਨਹੀਂ ਬੋਲੇ ਅਤੇ ਭਰਮ 'ਚ ਪਾ ਕੇ ਵੋਟ ਲਏ। ਉਨ੍ਹਾ ਕਿਹਾ—ਹੁਣ ਭਾਜਪਾ ਦੀ ਪੋਲ ਖੁੱਲ੍ਹ ਰਹੀ ਹੈ।

ਦਿੱਲੀ ਆਏ ਕਾਂਗਰਸ ਨੇਤਾ ਗਹਿਲੋਤ ਨੇ ਏਅਰਪੋਰਟ 'ਤੇ ਪੱਤਰਕਾਰਾਂ ਨੂੰ ਕਿਹਾ ਕਿ ਵਿਧਾਨ ਸਭਾ ਚੋਣਾਂ 'ਚ ਕੰਮ ਦੇ ਉਪਰ ਕੋਈ ਚਰਚਾ ਨਹੀਂ ਹੋਈ। ਭਾਜਪਾ ਵਾਲੇ ਸਿਰਫ਼ ਕਨਿਆ ਲਾਲ ਹੱਤਿਆ 'ਤੇ ਚਰਚਾ ਕਰਦੇ ਰਹੇ ਅਤੇ ਤਣਾਅ ਦਾ ਮਾਹੌਲ ਬਣਾ ਦਿੱਤਾ ਤੇ ਧਰੁਵੀਕਰਨ ਕਰਕੇ ਚੋਣ ਜਿੱਤ ਗਏ।

## ਲਾਰੈਂਸ ਬਿਸ਼ਨੋਈ ਦੇ 2 ਸ਼ੂਟਰ ਗ੍ਰਿਫ਼ਤਾਰ

**ਨਵੀਂ ਦਿੱਲੀ** : ਦੱਖਣੀ ਦਿੱਲੀ ਦਾ ਵਸੰਤ ਕੁੰਜ ਇਲਾਕਾ ਦੇਰ ਰਾਤ ਗੋਲੀਆਂ ਦੀ ਆਵਾਜ਼ ਨਾਲ ਗੂੰਜ ਉਠਿਆ। ਸ਼ੁੱਕਰਵਾਰ ਰਾਤ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਅਤੇ ਲਾਰੈਂਸ ਗਰੋਹ ਵਿਚਾਲੇ ਫਾਇਰਿੰਗ ਹੋਈ। ਇਸ ਗੋਲੀਬਾਰੀ ਦੌਰਾਨ ਪੁਲਸ ਨੇ ਬਿਸ਼ਨੋਈ ਗੈਂਗ ਦੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ 'ਚ ਅਨੀਸ਼ (23), ਜੋ ਹਰਿਆਣਾ ਦੇ ਰੋਹਤਕ ਦਾ ਨਿਵਾਸੀ ਹੈ। ਉਥੇ ਹੀ ਦੂਜੇ ਦਾ ਨਾਂਅ ਸੀ ਸੀ ਐੱਲ ਹੈ, ਜਿਸ ਦੀ ਉਮਰ ਸਿਰਫ਼ 15 ਸਾਲ ਦੱਸੀ ਗਈ ਹੈ। ਪੁਲਸ ਨੇ ਦੱਸਿਆ ਕਿ ਦੋਵੇਂ ਸ਼ੂਟਰ ਸ਼ੁੱਕਰਵਾਰ ਦੇਰ ਰਾਤ ਦਿੱਲੀ ਦੇ ਵਸੰਤ ਕੁੰਜ ਤੋਂ ਫੜੇ ਗਏ। ਸੂਹ ਮਿਲੀ ਸੀ ਕਿ ਦੋਵਾਂ ਨੂੰ ਦੱਖਣੀ ਦਿੱਲੀ ਦੇ ਪ੍ਰਮੁੱਖ ਹੋਟਲ ਦੇ ਬਾਹਰ ਗੋਲੀਆਂ ਚਲਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਨ੍ਹਾਂ ਦਾ ਅਜਿਹਾ ਕਰਨ ਪਿੱਛੇ ਇਰਾਦਾ ਜਬਰੀ ਵਸੂਲੀ ਦਾ ਜਾਪਦਾ ਹੈ। ਇਨ੍ਹਾਂ ਕੋਲੋਂ ਦੋ ਆਧੁਨਿਕ ਪਿਸਟਲ ਅਤੇ ਚਾਰ ਜ਼ਿੰਦਾ ਕਾਰਤੂਸ ਮਿਲੇ ਹਨ। ਅਪਰਾਧ 'ਚ ਇਸਤੇਮਾਲ ਕੀਤਾ ਗਿਆ ਮੋਟਰਸਾਈਕਲ ਵੀ ਜਬਤ ਕਰ ਲਿਆ ਹੈ। ਇਸ ਮਾਮਲੇ 'ਚ ਸ਼ਨੀਵਾਰ ਸਪੈਸ਼ਲ ਸੈੱਲ ਨੇ ਆਰਮਡ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਅਨੀਸ਼ ਪਹਿਲਾਂ ਵੀ ਰੋਹਤਕ ਜ਼ਿਲ੍ਹੇ 'ਚ ਹਥਿਆਰ, ਡਿਕੈਤੀ, ਆਰਮਜ਼ ਐਕਟ, ਕੁੱਟਮਾਰ ਆਦਿ ਛੇ ਅਪਰਾਧਕ ਮਾਮਲਿਆਂ 'ਚ ਸ਼ਾਮਲ ਰਿਹਾ ਹੈ। ਨਾਬਾਲਗ ਸੀ ਸੀ ਐੱਲ ਰੋਤਹਕ ਜ਼ਿਲ੍ਹੇ 'ਚ ਹਥਿਆਰਾਂ ਦੀ ਡਿਕੈਤੀ ਮਾਮਲੇ 'ਚ ਸ਼ਾਮਲ ਰਿਹਾ ਹੈ।

## ਛੱਤੀਸਗੜ੍ਹ 'ਚ ਕਾਂਗਰਸ ਨੂੰ ਹਾਰ ਦਾ ਕਾਰਨ ਮਿਲਿਆ

**ਨਵੀਂ ਦਿੱਲੀ** : ਛੱਤੀਸਗੜ੍ਹ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਹਾਰ ਪਿੱਛੇ ਭੂਪੇਸ਼ ਬਘੇਲ ਸਰਕਾਰ ਦੇ ਪੇਂਡੂ ਇਲਾਕਿਆਂ 'ਤੇ ਬਹੁਤ ਜ਼ਿਆਦਾ ਫੋਕਸ, ਭਾਜਪਾ ਦੀ ਸੰਪਦਾਇਕ ਲਾਮਬੰਦੀ ਅਤੇ ਪਾਰਟੀ 'ਚ ਲੰਮੇ ਤੋਂ ਚਲੇ ਆ ਰਹੇ



ਅੰਦਰੂਨੀ ਕਲੇਸ਼ ਨੂੰ ਕਾਰਨ ਦੱਸਿਆ ਗਿਆ ਹੈ। ਕਾਂਗਰਸ ਪਾਰਟੀ ਦੀ ਟਾਪ ਲੀਡਰਸ਼ਿਪ ਨੇ ਛੱਤੀਸਗੜ੍ਹ ਦੇ ਨੇਤਾਵਾਂ ਨਾਲ ਹਾਰ 'ਤੇ ਲੰਮਾ ਵਿਚਾਰ ਮੰਥਨ ਕੀਤਾ, ਜਿਸ 'ਚ ਇਹ ਰਾਏ ਸਾਹਮਣੇ ਆਈ। ਕਾਂਗਰਸ ਪ੍ਰਮੁੱਖ ਮਲਿਕਾਰਜੁਨ ਖੜਗੇ ਦੀ ਪ੍ਰਧਾਨਗੀ 'ਚ ਮੱਧ ਪ੍ਰਦੇਸ਼ ਚੋਣਾਂ 'ਚ ਚਾਰ ਦੀ ਸਮੀਖਿਆ ਵੀ ਹੋਈ। ਇਸ ਮੀਟਿੰਗ 'ਚ ਰਾਹੁਲ ਗਾਂਧੀ, ਕਮਲਨਾਥ, ਦਿਗਵਿਜੈ ਸਿੰਘ ਅਤੇ ਰਣਦੀਪ ਸੂਰਜੇਵਾਲਾ ਸਮੇਤ ਸੀਨੀਅਰ ਨੇਤਾ ਸ਼ਾਮਲ ਹੋਏ। ਮੀਟਿੰਗ 'ਚ ਈ ਵੀ ਐੱਮ ਦੀ ਭੂਮਿਕਾ 'ਤੇ ਸਵਾਲ ਉਠਾਏ ਗਏ। ਕੁਝ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਮੱਧ ਪ੍ਰਦੇਸ਼ 'ਚ ਕਾਂਗਰਸ ਦਾ ਧਿਆਨ ਸਿਰਫ਼ ਇੱਕ

● ਬਾਕੀ ਸਫ਼ਾ 2 'ਤੇ

## ਸੀਨੀਅਰ ਅਕਾਲੀ ਆਗੂ ਮੁਹੰਮਦ ਓਵੈਸ ਆਪ 'ਚ ਸ਼ਾਮਲ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਨੇ ਸ਼ਨੀਵਾਰ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਉਸ ਸਮੇਂ ਵੱਡਾ ਝਟਕਾ ਦਿੱਤਾ, ਜਦੋਂ ਮਾਲੇਰਕੋਟਲਾ ਤੋਂ ਸੀਨੀਅਰ ਅਕਾਲੀ ਆਗੂ ਮੁਹੰਮਦ ਓਵੈਸ 'ਆਪ' ਵਿੱਚ ਸ਼ਾਮਲ ਹੋ ਗਏ।ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰਤ ਤੌਰ 'ਤੇ ਮੁਹੰਮਦ ਓਵੈਸ ਨੂੰ 'ਆਪ' ਪਰਵਾਰ 'ਚ ਸ਼ਾਮਲ ਕੀਤਾ ਅਤੇ ਉਨ੍ਹਾ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾ ਦੇ ਸ਼ਾਮਲ ਹੋਣ ਨਾਲ ਮਾਲੇਰਕੋਟਲਾ ਅਤੇ ਸੰਗਰੂਰ 'ਚ ਪਾਰਟੀ ਮਜ਼ਬੂਤ ਹੋਵੇਗੀ। ਉਨ੍ਹਾ ਕਿਹਾ ਕਿ ਪੰਜਾਬ ਦੇ ਹਰ ਕੋਨੇ ਤੋਂ ਲੋਕ 'ਆਪ' ਵਿੱਚ ਸ਼ਾਮਲ ਹੋ ਰਹੇ ਹਨ, ਉਹ ਸਾਡੀ ਸਰਕਾਰ ਦੇ ਲੋਕ-ਪੱਖੀ ਅਤੇ ਪੰਜਾਬ ਪੱਖੀ ਫੈਸਲਿਆਂ ਤੋਂ ਪ੍ਰਭਾਵਤ ਹੋ ਕੇ ਪੰਜਾਬ ਨੂੰ ਮੁੜ ਤੋਂ ਰੰਗਲਾ ਬਣਾਉਣ ਲਈ ਕੰਮ ਕਰਨਾ ਚਾਹੁੰਦੇ ਹਨ। ਓਵੈਸ ਸਟਾਰ ਇੰਪੈਕਟ ਮਾਲੇਰਕੋਟਲਾ ਦੇ



ਮਾਲਕ ਹਨ।ਜਿੱਥੋਂ ਖੇਡ, ਜੁੱਤੀ ਨਿਰਮਾਣ ਅਤੇ ਚਮੜਾ ਨਿਰਯਾਤ ਕੀਤਾ ਜਾਂਦਾ ਹੈ। ਉਹ ਅਲ ਕੌਸਰ ਫੁੱਟਬਾਲ ਅਕੈਡਮੀ ਵੀ ਚਲਾਉਂਦੇ ਹਨ। ਉਹ 2017 ਵਿੱਚ ਮਾਲੇਰਕੋਟਲਾ ਸੀਟ ਤੋਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਵੱਲੋਂ ਚੋਣ ਲੜ ਚੁੱਕੇ ਹਨ।

## ਕਾਮਰੇਡ ਭਗਵਾਨ ਦਾਸ ਬਹਾਦਰਕੇ ਨੂੰ ਸ਼ਰਧਾਂਜਲੀ ਦੇਣ ਲਈ ਉਮੜਿਆ ਜਨ-ਸੈਲਾਬ

**ਗੁਰੂ ਹਰਸਹਾਏ (ਦੀਪਕ ਵਧਾਵਨ)**

ਕਾਮਰੇਡ ਭਗਵਾਨ ਦਾਸ ਬਹਾਦਰਕੇ ਨਮਿਤ ਸ਼ਰਧਾਂਜਲੀ ਸਮਾਗਮ ਸ਼ਨੀਵਾਰ ਗੁਰਦੁਆਰਾ ਭਜਨਗੜ੍ਹ ਸਾਹਿਬ, ਗੋਲੂ ਕਾ ਮੋੜ ਵਿਖੇ ਕੀਤਾ ਗਿਆ, ਜਿਸ ਵਿੱਚ ਇਲਾਕੇ ਭਰ ਦੇ ਹਜ਼ਾਰਾਂ ਆਮ ਲੋਕਾਂ, ਨੌਜਵਾਨਾਂ, ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਵੱਖ-ਵੱਖ ਰਾਜਨੀਤਕ ਪਾਰਟੀਆਂ, ਇਨਕਲਾਬੀ ਜਥੇਬੰਦੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਕਾਮਰੇਡ ਭਗਵਾਨ ਦਾਸ ਬਹਾਦਰਕੇ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੌਰਾਨ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਕਾਮਰੇਡ



ਜਗਰੂਪ, ਪ੍ਰਿਥੀਪਾਲ ਮਾੜੀਮੇਘਾ, ਹੰਸਰਾਜ ਗੋਲਡਨ, ਪਰਮਜੀਤ ਢਾਬਾ, ਸੁਰਿੰਦਰ ਢੰਡੀਆ, ਚਰਨਜੀਤ ਛਾਂਗਾ ਰਾਏ, ਕੁਲਦੀਪ ਭੋਲਾ ਮੋਗਾ, ਕਰਮਵੀਰ ਕੌਰ ਬਧਨੀ, ਆਮ ਆਦਮੀ ਪਾਰਟੀ ਦੇ ਆਗੂ ਮਲਕੀਤ ਥਿੰਦ, ਸਰਬ ਕੰਬੋਜ ਸਭਾ ਦੇ ਆਗੂ ਪਾਲਾ ਭੱਟੀ ਅਤੇ ਤਿਲਕ ਰਾਜ ਕੰਬੋਜ ਗੋਲੂ ਕਾ ਆਦਿ ਨੇ ਕਾਮਰੇਡ ਭਗਵਾਨ ਦਾਸ ਬਹਾਦਰਕੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਕਾਮਰੇਡ ਭਗਵਾਨ ਦਾਸ ਦਾ ਸਮੁੱਚਾ ਜੀਵਨ ਦੱਬੇ-ਕੁਚਲੇ ਲੋਕਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਵਿੱਚ ਗੁਜ਼ਰਿਆ।ਸਰਬ ਭਾਰਤ ਨੌਜਵਾਨ ਸਭਾ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਆਈ ਹੈ ਖਬਰ ਬਿਹਾਰ ਤੋਂ ਅਜਬ ਵੱਡੀ,
ਲੋਕੀਂ ਮੌਤ ਅਣਿਆਈ ਪਏ ਮਰਨ ਬੇਲੀ।
ਜਿਹੜੀ ਮੌਤਾਂ ਦੀ ਆਖਰ ਨੂੰ ਵਜ੍ਹਾ ਲੱਭੀ,
ਲੱਗੀ ਸਭ ਨੂੰ ਹੈਰਾਨ ਇਹ ਕਰਨ ਬੇਲੀ।
ਮਰਦੇ ਨਕਲੀ ਸ਼ਰਾਬ ਨਾਲ ਲੋਕ ਕਹਿੰਦੇ,
ਫਿਰ ਵੀ ਪੀਂਦਿਆਂ ਕਦੀ ਨਾ ਡਰਨ ਬੇਲੀ।
ਕਾਗਜ਼ਾਂ ਵਿੱਚ ਆ ਸਿਰਫ ਸ਼ਰਾਬ-ਬੰਦੀ,
ਮੁਜਰਮ ਵੇਚਣ ਤਾਂ ਗੋਲਕਾਂ ਭਰਨ ਬੇਲੀ।
ਜਿਸ-ਜਿਸ ਰਾਜ ਵੀ ਕਰੀ ਸ਼ਰਾਬ-ਬੰਦੀ,
ਕਦੇ ਵੀ ਸੁਣੇ ਅਪਰਾਧ ਨਹੀਂ ਘਟੇ ਬੇਲੀ।
ਬਿਨਾਂ ਰੋਕਾਂ ਹੀ ਮਾਲ ਪਿਆ ਵਿਕੀ ਜਾਂਦਾ,
ਲਾਲਚੀ ਵੇਚਣ ਤੋਂ ਕਦੇ ਨਹੀਂ ਹਟੇ ਬੇਲੀ।

-ਤੀਸ ਮਾਰ ਖਾਂ

# ਇਹ ਕਿਸ ਤਰ੍ਹਾਂ ਦੀ ਇਨਸਾਨੀਅਤ ?

**ਗਾਜ਼ਾ** : ਗਾਜ਼ਾ ਦੇ ਅਲ ਨਸਰ ਹਸਪਤਾਲ 'ਚੋਂ ਦਿਲ ਦਹਿਲਾ ਦੇਣ ਵਾਲੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਇੱਕ ਰਿਪੋਰਟ ਮੁਤਾਬਕ ਇਸ ਹਸਪਤਾਲ 'ਚ ਲਾਈਫ਼ ਸਪੋਰਟ ਸਿਸਟਮ 'ਤੇ ਰੱਖੇ ਕਰੀਬ 4 ਨਵਜਨਮਿਆਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਇਨ੍ਹਾਂ ਦੀਆਂ ਲਾਸ਼ਾਂ ਇੱਥੇ ਰੱਖੇ-ਰੱਖੇ ਸੜਨੀਆਂ ਸ਼ੁਰੂ ਹੋ ਗਈਆਂ। ਬੱਚਿਆਂ ਦੇ ਬੈੱਡ 'ਤੇ ਹੁਣ ਵੀ ਦੁੱਧ ਦੀਆਂ ਬੋਤਲਾਂ ਅਤੇ ਡਾਇਪਰ ਪਏ ਹੋਏ ਦੇਖੇ ਗਏ। ਯੂ ਏ ਈ ਦੇ ਇੱਕ ਮੀਡੀਆ ਹਾਊਸ ਵੱਲੋਂ ਇਹ ਤਸਵੀਰਾਂ ਸ਼ੇਅਰ ਕੀਤੀਆਂ ਗਈਆਂ ਹਨ। ਇਨ੍ਹਾਂ 'ਚ ਕਰੀਬ 4 ਨਵਜਨਮੇ ਬੱਚਿਆਂ ਦੀਆਂ ਸੜ ਰਹੀਆਂ ਲਾਸ਼ਾਂ ਨਜ਼ਰ ਆਈਆਂ। ਕੁਝ ਲਾਸ਼ਾਂ ਨੂੰ ਹਾਲੇ ਵੀ ਹਸਪਤਾਲ ਦੀਆਂ ਮਸ਼ੀਨਾਂ ਦੀਆਂ ਤਾਰਾਂ ਲੱਗੀਆਂ ਹੋਈਆਂ ਹਨ।



ਮੀਡੀਆ ਰਿਪੋਰਟਾਂ ਮੁਤਾਬਕ ਗਾਜ਼ਾ ਦੇ ਹਸਪਤਾਲਾਂ 'ਚ ਤੇਲ ਅਤੇ ਹੋਰ ਚੀਜ਼ਾਂ ਦੀ ਸਪਲਾਈ ਦੀ ਕਮੀ ਸੀ। ਇਸ ਦੌਰਾਨ ਇਜ਼ਰਾਇਲ ਦੀ ਵਾਰਨਿੰਗ ਨੂੰ ਦੇਖਦੇ ਹੋਏ ਡਾਕਟਰ ਇਨ੍ਹਾਂ ਬੱਚਿਆਂ ਨੂੰ ਉਥੇ ਹੀ ਛੱਡ ਕੇ ਚਲੇ ਗਏ। ਰਿਪੋਰਟ ਦੀ ਮੰਨੀਏ ਤਾਂ ਅਲ ਨਸਰ ਅਤੇ ਅਲ ਰੰਤੀਸੀ ਵਰਗੇ ਬੱਚਿਆਂ ਦੇ ਹਸਪਤਾਲ ਨਵੰਬਰ ਦੀ ਸ਼ੁਰੂਆਤ 'ਚ ਇਜ਼ਰਾਇਲ ਅਤੇ ਹਮਾਸ ਵਿਚਾਲੇ ਯੁੱਧ ਦਾ ਮੈਦਾਨ ਬਣ ਗਏ ਸਨ। ਇਜ਼ਰਾਇਲ ਦੇ ਨਿਰਦੇਸ਼ 'ਤੇ ਹਸਪਤਾਲ ਦੇ ਮੁਲਾਜ਼ਮਾਂ ਨੂੰ 10 ਨਵੰਬਰ ਨੂੰ ਜਲਦਬਾਜ਼ੀ 'ਚ ਬਾਹਰ ਕੱਢਿਆ ਗਿਆ। ਇਸ ਜਲਦਬਾਜ਼ੀ 'ਚ ਛੋਟੇ-ਛੋਟੇ ਬੱਚੇ ਆਈ ਸੀ ਯੂ 'ਚ ਰਹਿ ਗਏ, ਜਿਨ੍ਹਾਂ ਨੂੰ ਬਾਹਰ ਨਹੀਂ ਕੱਢਿਆ ਜਾ ਸਕਿਆ।

ਬੱਚਿਆਂ ਦੀ ਸਥਿਤੀ ਬਾਰੇ ਜ਼ਿਕਰ ਕਰਦੇ ਹੋਏ ਹਸਪਤਾਲ ਨਾਲ ਜੁੜੇ ਇੱਕ ਡਾਕਟਰ ਨੇ ਕਿਹਾ ਕਿ ਨਿਕਾਸੀ ਤੋਂ ਠੀਕ ਪਹਿਲਾਂ ਦੋ ਬੱਚਿਆਂ ਦੀ ਮੌਤ ਹੋ ਗਈ ਸੀ, ਜਦਕਿ ਦੋ ਮਹੀਨੇ ਦੇ ਬੱਚੇ ਸਮੇਤ ਤਿੰਨ ਹੋਰ ਨੂੰ ਜਿਊਂਦਾ ਛੱਡ ਦਿੱਤਾ ਗਿਆ ਸੀ। ਦੋਵੇਂ ਬਾਲ ਹਸਪਤਾਲਾਂ ਦੇ ਪ੍ਰਮੁੱਖ ਡਾਕਟਰ ਮੁਸਤਫ਼ਾ ਅਲ ਕਹਿਲੋਤ ਨੇ 9 ਨਵੰਬਰ ਨੂੰ ਇੱਕ ਵੀਡੀਓ 'ਚ ਹਸਪਤਾਲ ਨੂੰ ਨੁਕਸਾਨ ਅਤੇ ਆਈ ਸੀ ਯੂ 'ਚ ਆਕਸੀਜਨ ਦੀ ਕਟੌਤੀ ਦਾ ਹਵਾਲਾ ਦਿੰਦੇ ਹੋਏ ਗੰਭੀਰ ਸਥਿਤੀ ਦਿਖਾਈ ਸੀ। ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਸਮੇਤ ਅੰਤਰਰਾਸ਼ਟਰੀ ਸੰਗਠਨਾਂ ਨੂੰ ਦਖ਼ਲ ਦੇਣ ਦੀ ਅਪੀਲ ਦੇ ਬਾਵਜੂਦ ਹਸਪਤਾਲ ਨੂੰ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਹਮਾਸ-ਇਜ਼ਰਾਈਲ ਵਿਚਾਲੇ ਚੱਲ ਰਹੀ ਜੰਗ ਕਾਰਨ ਐਂਬੂਲੈਂਸ ਸੁਵਿਧਾ ਤੱਕ ਨਹੀਂ ਪਹੁੰਚ ਸਕੀ। ਰਿਪੋਰਟ 'ਚ ਕਿਹਾ ਗਿਆ ਕਿ ਅਲ ਨਸਰ ਦੇ ਡਾਕਟਰਾਂ ਨੂੰ ਇਜ਼ਰਾਇਲ ਰੱਖਿਆ ਬਲਾ (ਆਈ ਡੀ ਐੱਫ) ਨੇ ਨਿਰਦੇਸ਼ ਦਿੱਤਾ ਸੀ ਕਿ ਘੱਟ ਸਮੇਂ ਦੇ ਅੰਦਰ ਚਿੱਟੇ ਝੰਡੇ ਅਤੇ ਕਮਜ਼ੋਰ ਮਰੀਜ਼ਾਂ ਦੇ ਨਾਲ ਜਲਦੀ ਬਾਹਰ ਨਿਕਲ ਜਾਓ। ਆਈ ਡੀ ਐੱਫ ਨੇ ਬੱਚਿਆਂ ਦੀ ਮੌਤ ਲਈ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

## ਓਡੀਸ਼ਾ 'ਚ ਮਿਜ਼ਾਇਲ ਟੈਸਟਿੰਗ 'ਤੇ ਰੋਕ

**ਭੁਬਨੇਸ਼ਵਰ** : ਅਗਲੇ ਸਾਲ ਜਨਵਰੀ ਤੋਂ ਮਾਰਚ ਤੱਕ ਓਡੀਸ਼ਾ ਦੇ ਵ੍ਹੀਲਰ ਦੀਪ 'ਤੇ ਮਿਜ਼ਾਇਲ 'ਤੇ ਟੈਸਟਿੰਗ 'ਤੇ ਰੋਕ ਲਾ ਦਿੱਤੀ ਗਈ ਹੈ। ਭਾਰਤ ਦਾ ਪ੍ਰਮੁੱਖ ਰੱਖਿਆ ਖੋਜ ਕੇਂਦਰ ਵਿਕਾਸ ਸੰਗਠਨ (ਡੀ ਆਰ ਡੀ ਓ) ਇਸ ਸਮੇਂ ਦੌਰਾਨ ਕਿਸੇ ਤਰ੍ਹਾਂ ਦਾ ਕੋਈ ਮਿਜ਼ਾਇਲ ਟੈਸਟਿੰਗ ਨਹੀਂ ਕਰੇਗਾ। ਇਸ ਦੇ ਪਿੱਛੇ ਲੁਪਤ ਪ੍ਰਜਾਤੀ ਓਲਿਵ ਰਿਡਲੇ ਸਮੁੰਦਰੀ ਕੱਛੂ ਨੂੰ ਦੱਸਿਆ ਜਾ ਰਿਹਾ ਹੈ। ਓਲਿਵ ਰਿਡਲੇ ਸਮੁੰਦਰੀ ਕੱਛੂ ਵੱਡੇ ਪੱਧਰ 'ਤੇ ਓਡੀਸ਼ਾ ਦੇ ਸਮੁੰਦਰੀ ਤੱਟਾਂ 'ਤੇ ਬ੍ਰੀਡਿੰਗ ਕਰਦੇ ਹਨ, ਇਹੀ ਕਾਰਨ ਹੈ ਕਿ ਇਸ ਦੌਰਾਨ ਓਡੀਸ਼ਾ ਦੇ ਵ੍ਹੀਲਰ ਦੀਪ 'ਤੇ ਮਿਜ਼ਾਇਲ ਟੈਸਟਿੰਗ ਨਹੀਂ ਕੀਤੀ ਜਾਵੇਗੀ। ਮਿਜ਼ਾਇਲ ਪ੍ਰੀਖਣ ਦੌਰਾਨ ਸਮੁੰਦਰੀ ਕੱਛੂਆਂ ਦੇ ਵੱਡੇ ਪੈਮਾਨੇ 'ਤੇ ਆਲ੍ਹਣੇ ਬਣਾਉਣ ਅਤੇ ਬੱਚੇ ਦੇਣ 'ਚ ਵੱਡੇ ਪੱਧਰ 'ਤੇ ਰੁਕਾਵਟ ਪੈਂਦਾ ਹੁੰਦੀ ਹੈ। ਰਿਪੋਰਟ ਅਨੁਸਾਰ ਇਸ ਸਾਲ ਲਗਭਗ ਪੰਜ ਲੱਖ ਓਲਿਵ ਕੱਛੂਆਂ ਦਾ ਇੱਥੇ ਜਮਾਵੜਾ ਹੋਇਆ। ਇੱਥੇ ਕੱਛੂ ਆਪਣੇ ਅੰਡੇ ਦਿੰਦੇ ਹਨ। ਇਸ ਦੌਰਾਨ ਸਮੁੰਦਰੀ ਫੌਜ ਮੱਛੀ ਫੜਨ ਵਾਲੀਆਂ ਕਿਸ਼ਤੀਆਂ ਨੂੰ ਕਿਨਾਰੇ 'ਤੇ ਰੋਕਣ ਲਈ ਗਸ਼ਤ ਕਰੇਗੀ।



Punjab Land of Unlimited Opportunities

# "ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ"

## ਸਕੀਮ ਦੀ ਸ਼ੁਰੂਆਤ



ਕਾਲ 1076

## ਹੁਣ 43 ਸਰਕਾਰੀ ਸੇਵਾਵਾਂ ਆਪਣੇ ਘਰ ਬੈਠੇ ਪ੍ਰਾਪਤ ਕਰੋ

"ਦੇਸ਼ ਤਾਂ 75 ਸਾਲ ਪਹਿਲਾਂ ਆਜ਼ਾਦ ਹੋ ਗਿਆ, ਪ੍ਰੰਤੂ ਅੱਜ ਵੀ ਆਮ ਆਦਮੀ ਸਰਕਾਰੀ ਦਫ਼ਤਰ ਦੇ ਗੇੜੇ ਅਤੇ ਕਤਾਰਾਂ ਤੋਂ ਆਜ਼ਾਦ ਨਹੀਂ ਹੋਇਆ। ਪਰ ਮੇਰੀ ਸਰਕਾਰ ਵਿੱਚ ਹਰ ਆਮ ਆਦਮੀ ਖਾਸ ਹੈ। ਇਸ ਲਈ ਮੈਂ ਇਹ ਫ਼ੈਸਲਾ ਕੀਤਾ ਹੈ ਕਿ ਹੁਣ ਤੋਂ ਤੁਹਾਨੂੰ ਕਿਸੇ ਵੀ ਸਰਕਾਰੀ ਕੰਮ ਲਈ ਸਰਕਾਰੀ ਦਫ਼ਤਰਾਂ ਦੇ ਗੇੜੇ ਨਹੀਂ ਲਾਉਣੇ ਪੈਣਗੇ, ਸਗੋਂ ਸਰਕਾਰੀ ਕਰਮਚਾਰੀ ਖ਼ੁਦ ਤੁਹਾਡੇ ਕੋਲ ਆਉਣਗੇ। ਇਹੀ ਹੈ ਅਸਲੀ ਸਰਕਾਰ, ਜੋ ਆਵੇ ਤੁਹਾਡੇ ਦੁਆਰ।"

– ਭਗਵੰਤ ਸਿੰਘ ਮਾਨ

ਮੁੱਖ ਮੰਤਰੀ, ਪੰਜਾਬ



ਮੁੱਖ ਮਹਿਮਾਨ

**ਸ੍ਰੀ ਅਰਵਿੰਦ ਕੇਜਰੀਵਾਲ**

ਮੁੱਖ ਮੰਤਰੀ, ਦਿੱਲੀ

**10 ਦਸੰਬਰ, 2023 ਨੂੰ ਸਵੇਰੇ 11:00 ਵਜੇ**

ਸਥਾਨ: ਹਾਈ-ਟੈੱਕ ਸਾਈਕਲ ਵੈਲੀ, ਧਨਾਨਸੂ, ਲੁਧਿਆਣਾ

ਪ੍ਰਸ਼ਾਸਨਿਕ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਵਿਭਾਗ, ਪੰਜਾਬ

10-Dec-Sunday.qxd 12/9/2023 10:23 PM Page 1



ਅਮਨਦੀਪ ਸਿੰਘ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ
ਐਤਵਾਰਤਾ

ਬਲਦ ਪੰਜਾਲੀ ਜੋੜ ਕੇ
ਹੱਕੇ ਯਮਲਾ ਜੱਟ
ਜਿਹਨਾਂ ਹਲਟ ਨਾ ਵੇਖਿਆ
ਪਾ ਲਏ ਵਿਰਸਾ ਹੱਟ।
- ਜੋਗੇ ਭੰਗਲ

Regd. No : Pb/JL-123/2021-2023, (R.N.I.)-00068/57 ਜਲੰਧਰ : ਐਤਵਾਰ, 10 ਦਸੰਬਰ 2023 www.nawanzamana.in ਕੀਮਤ 5.00 ਰੁਪਏ

## ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

# ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-31

ਮਾਰਕਸਵਾਦੀ ਸੱਚ; ਕਿ 'ਆਧਾਰ ਵਿਚਲੀ ਤਬਦੀਲੀ ਆਖਰ ਉਸਾਰ ਵਿਚ ਤਬਦੀਲੀ ਲੈ ਆਉਂਦੀ ਹੈ'। ਉਸਾਰ ਤਾਂ ਆਧਾਰ ਦੀ ਉਪਜ ਹੈ।

'ਇਹ ਮਨੁ ਪੰਚ ਤਤੁ ਤੇ ਜਨਮਾ'।। ਪੰਜ ਤੱਤ ਆਧਾਰ ਹੈ, ਮਨ ਉਸ ਦਾ ਉਸਾਰ ਹੈ। ਮਨ, ਪੰਜ ਤੱਤਾਂ ਨੂੰ ਸਿਰਜਦਾ ਨਹੀਂ, ਜਦੋਂ ਕਿ ਮਨ ਪੰਜ ਤੱਤਾਂ ਕਰਕੇ ਹੈ। ਮੋੜਵੇਂ ਰੂਪ ਵਿਚ ਮਨ ਕੇਵਲ ਉਹਨਾਂ ਨੂੰ ਪ੍ਰਭਾਵਤ ਕਰਦਾ ਹੈ।

ਮਨ ਦਾ ਵਿਕਸਤ ਰੂਪ "ਸੋਚ" (thinking) ਹੈ। ਪਦਾਰਥਕ-ਤੱਤਾਂ ਦੀ ਹਰਕਤ, ਭਾਵ ਪਦਾਰਥਕ ਬਦਲਾਓ, ਜਿਸ ਨੂੰ ਹਾਲਤਾਂ ਦਾ ਬਦਲਾਓ ਸੱਦਦੇ ਹਾਂ, ਉਹ ਸੋਚ ਦੇ ਬਦਲਾਓ ਵਿਚ ਪ੍ਰਗਟ ਹੁੰਦਾ ਹੈ।

ਸੋਚ ਅਤੇ (ਵਿਕਸਤ ਰੂਪ) ਵਿਚਾਰ, ਪਦਾਰਥਕ- ਹਾਲਤਾਂ (ਮੂਰਤ) ਦਾ ਅਮੂਰਤ-ਰੂਪ ਹੈ। ਪਦਾਰਥਕ (ਮੂਰਤ) ਰੂਪ ਬਦਲ ਜਾਂਦਾ ਹੈ ਤਾਂ ਅਮੂਰਤ-ਰੂਪ ਵੀ ਬਦਲ ਜਾਂਦਾ ਹੈ। ਇਹ ਹਾਲਤਾਂ ਅਤੇ ਵਿਚਾਰ ਦਾ ਵਿਰੋਧਵਿਕਾਸ ਹੈ। ਮੂਲ ਰੂਪ ਵਿਚ ਇਹ, ਆਧਾਰ (ਨੀਂਹ, base) ਅਤੇ ਉਸ ਦੇ ਉਸਾਰ-ਢਾਂਚੇ (Superstructure) ਦਾ ਵਿਰੋਧਵਿਕਾਸ ਹੈ। ਇਹ ਦਾਰਸ਼ਨਿਕ ਵਿਰੋਧਵਿਕਾਸ ਹੈ।

ਇਸ ਪਦਾਰਥਵਾਦੀ ਸਮਝ ਪਿੱਛੋਂ ਉਸਾਰ ਵਿਰੁੱਧ ਸੰਗਰਾਮ ਕਰਨ ਦਾ ਮਤਲਬ ਆਪਣੇ-ਆਪ ਨੂੰ 'ਉਜੱਡ-ਪਦਾਰਥਵਾਦੀ' ਬਣਾ ਲੈਣਾ ਹੈ ਅਤੇ ਅਮਲੀ-ਚੱਕਰਵਿਊ (ਅਧਿਆਤਮਵਾਦੀ ਗੇੜ)

ਵਿਚ ਫਸਣਾ ਹੈ, ਜੋ ਗੈਰ-ਵਿਰੋਧਵਿਕਾਸੀ, ਨਤੀਜਾ-ਰਹਿਤ ਸਰਗਰਮੀ ਤੋਂ ਵੱਧ ਕੁਝ ਨਹੀਂ ਹੈ। ਜਿਸ ਵਿੱਚੋਂ ਨਿਰਾਸ਼ਾ ਪੱਲੇ ਪੈਂਦੀ ਹੈ। ਹੌਸਲੇ ਪਸਤ ਹੁੰਦੇ ਹਨ। ਇਹ (ਦਰੁਸਤੀ-ਬਗੈਰ) ਠੀਢਤਾਈ ਦਾ ਅਮਲ, ਲੋਕਾਂ ਨਾਲੋਂ ਦੂਰੀਆਂ ਵਧਾਉਣ ਦਾ ਰਾਹ ਫੜਦਾ ਹੈ।

ਇਹ, ਅੱਧੇ-ਅਧੂਰੇ, 'ਅਨੁਭਵੀ-ਸੱਚ' ਦਾ ਅਮਲ ਹੈ।

ਇਹ ਹਕੀਕੀ ਸੱਚ ਨਹੀਂ ਹੁੰਦਾ, ਇਹ ਆਮ ਤੌਰ 'ਤੇ "ਉਸਾਰ" ਵਿੱਚੋਂ ਲਿਆ ਜਾਂਦਾ ਹੈ। ਇਸ ਸਮਝ ਦੇ ਅਮਲ ਦੀ ਅਲੋਚਨਾ ਵਿਚ ਲੈਨਿਨ ਵੱਲੋਂ ; "ਪਦਾਰਥਵਾਦ ਅਤੇ ਅਨੁਭਵ-ਸਿੱਧ ਅਲੋਚਨਾ" (Materialism and emperio-criticism) ਨਾਮੀ ਕਿਤਾਬ ਲਿਖੀ ਮਿਲਦੀ ਹੈ। ਉਹ ਪਦਾਰਥਵਾਦ ਨੂੰ ਪੇਸ਼ ਕਰਦਾ ਹੈ। ਉਹ ਅੱਧੇ-ਅਧੂਰੇ ਸੱਚ ਦੀ ਥਾਂ ਪੂਰੇ ਸੱਚ (ਪਦਾਰਥਵਾਦ) ਦੀ ਵਕਾਲਤ ਕਰਦਾ ਹੈ। ਉਹ ਮਾਰਕਸਵਾਦੀਆਂ ਤੋਂ ਅਜਿਹੇ ਅਮਲ ਦੀ ਉਮੀਦ ਕਰਦਾ ਹੈ।

ਮਾਰਕਸ ਨੇ 'ਸਰਮਾਏ ਅਤੇ ਉਜਰਤੀ-ਕਿਰਤ' ਦੇ ਵਿਰੋਧਵਿਕਾਸ ਵਿਚੋਂ, ਉਜਰਤੀ-ਗੁਲਾਮੀ ਦੇ ਖਾਤਮੇ ਦਾ ਰਾਹ ; "ਛੁਟੇਰੀ ਕੰਮ ਦਿਹਾੜੀ" ਦਾ ਸੂਤਰ ਲੱਭਿਆ, ਪਰਚਾਰਿਆ ਅਤੇ ਅਮਲ ਕੀਤਾ। ਇਹ ਇਕੋ-ਇਕ ਰਾਹ ਹੈ। ਮਾਰਕਸ ਦੇ ਆਪਣੇ ਕਥਨ ਵਿਚ :

["ਮਨੁੱਖ ਦੇ ਪੱਕੇ ਅਧਿਕਾਰਾਂ" ਦੀ ਲੰਮੀ-ਚੌੜੀ ਸੂਚੀ ਦੀ ਥਾਂ ਕਾਨੂੰਨੀ ਤੌਰ 'ਤੇ ਕੰਮ-ਦਿਹਾੜੀ ਦਾ ਅਗਲਾ ਚਾਰਟ (ਮਹਾਨ ਅਧਿਕਾਰ ਪੱਤਰ) ਸਾਹਮਣੇ ਆਉਂਦਾ ਹੈ, ਜਿਹੜਾ ਸਪੱਸ਼ਟ ਕਰ ਦੇਵੇਗਾ "ਜਿਹੜਾ ਸਮਾਂ ਮਜ਼ਦੂਰ ਵੇਚਦਾ ਹੈ, ਕਦੋਂ ਮੁੱਕਦਾ ਹੈ ਅਤੇ ਉਸ ਦਾ ਆਪਣਾ ਸਮਾਂ ਕਦੋਂ ਅਰੰਭ ਹੁੰਦਾ ਹੈ।" (ਦਾਸ ਕੈਪੀਟਲ ਦੇ 10ਵੇਂ ਪਾਠ "ਕੰਮ ਦਿਹਾੜੀ" ਦਾ ਆਖਰੀ ਭਾਗ)]

ਇਸੇ ਭਾਗ ਦਾ ਵਿਖਿਆਨ ਕਰਦਿਆਂ ਲੈਨਿਨ ਨੇ ਲਿਖਿਆ ਸੀ : [ਮਾਰਕਸ ਦੀ ਰਚਨਾ "ਪੂੰਜੀ" ਅਤੇ ਖਾਸ ਤੌਰ 'ਤੇ ਉਸ ਦਾ ਪਹਿਲਾ ਪਾਠ ਸਮਝ ਨਹੀਂ ਆਉਣਾ ਜੇ ਹੀਗਲ ਦੀ "ਤਰਕ ਦਾ ਵਿਗਿਆਨ" (Science of Logic) ਪੂਰੀ ਤਰ੍ਹਾਂ ਪੜ੍ਹੀ ਅਤੇ ਸਮਝੀ ਨਹੀਂ ਹੈ।] ਲੈਨਿਨ "ਪੂੰਜੀ" ਦਾ ਪਰੋਲਤਾਰੀ ਪੱਖ ਪੇਸ਼ ਕਰਦਿਆਂ ਲਿਖਦਾ ਹੈ:

[ "ਮਾਰਕਸ ਮਨੁੱਖ ਦੀ ਆਜ਼ਾਦੀ ਅਤੇ ਉਸ ਦੇ ਅਧਿਕਾਰਾਂ ਦੇ ਸ਼ਾਨਦਾਰ ਅਤੇ ਲੱਛੇਦਾਰ ਬੁਰਜੂਆ-ਜਮਹੂਰੀ ਮਹਾਨ ਚਾਰਟਰ ਦੀ ਖਿੱਲੀ ਉਡਾਉਂਦਾ ਹੈ......, ਮਾਰਕਸ ਅਧਿਕਾਰਾਂ ਦੇ ਇਹਨਾਂ ਧੂੰਆਂਧਾਰ ਐਲਾਨਾਂ ਦੀ ਉਸ ਸਾਦੇ, ਨਿਰਮਾਣ, ਅਮਲੀ ਅਤੇ ਸਰਲ ਢੰਗ ਨਾਲ ਤੁਲਨਾ ਕਰਦਾ ਹੈ, ਜਿਸ ਵਿਚ ਇਸ ਸਵਾਲ ਨੂੰ ਪਰੋਲਤਾਰੀਆਂ ਨੇ ਪੇਸ਼ ਕੀਤਾ ਹੈ—ਛੁਟੇਰੀ ਕੰਮ ਦਿਹਾੜੀ ਨੂੰ ਵਿਧਾਨਕ ਰੂਪ ਵਿੱਚ ਕਾਨੂੰਨ ਬਣਾਉਣਾ ਅਜਿਹੇ ਵਿਹਾਰ ਦੀ ਇਕ ਵਿਸ਼ੇਸ਼ ਮਿਸਾਲ ਹੈ।"]

ਉਹ ਜਿਹੜੇ ਇਸ ਕਥਨ ਦੀ ਸਿਧਾਂਤਕ ਮਹੱਤਤਾ ਨਹੀਂ ਜਾਣਦੇ ; 'ਜਿਸ ਬਗੈਰ ਮੁਕਤੀ ਅਤੇ ਸੁਧਾਰ ਦੇ ਸਾਰੇ ਅਗਲੇ ਕਦਮ ਕਿਸੇ ਸਫਲਤਾ ਦੀ ਆਸ ਨਾਲ ਨਹੀਂ ਚੁੱਕੇ ਜਾ ਸਕਦੇ', ਉਹ ਬੁਰਜੂਆਜ਼ੀ ਵੱਲੋਂ ਕੰਮ ਦਿਹਾੜੀ ਲੰਮੀ (8 ਤੋਂ 12 ਘੰਟੇ) ਕਰਨ ਦੇ ਨੋਟੀਫਿਕੇਸ਼ਨ ਦੇ ਕਾਰਨ ਅਤੇ ਪ੍ਰਭਾਵ ਵੀ ਨਹੀਂ ਸਮਝ ਸਕਦੇ। ਉਹ ਜਿਹੜੇ ਬੁਰਜੂਆ ਵਿਦਵਾਨ, (ਐੱਨ ਆਰ ਨਰਾਇਣਾ ਮੂਰਤੀ ਚੇਅਰਮੈਨ ਇਨਫੋਸਿਸ) ਵੱਲੋਂ : "ਹਫਤੇ ਵਿਚ 70 ਘੰਟੇ ਕੰਮ ਕਰਨ" ਦੀ ਵਕਾਲਤ ਕਰਨਾ ਨੂੰ, ਦਵੰਦਵਾਦੀ ਰੂਪ ਵਿਚ ਨਹੀਂ ਸਮਝਦੇ। ਉਹ ਦਿਸ਼ਾਹੀਣ ਸਰਗਰਮੀ ਵਾਲੇ ਬਣੇ ਰਹਿਣਗੇ। ਜਿਹੜੇ ਅੱਧੀ-ਅਧੂਰੀ ਸਮਝ ਵਾਲੇ ਹਨ, ਉਹ ਕੇਵਲ ਨਵੇਂ ਵਾਧੇ (8 ਤੋਂ 12 ਘੰਟੇ ਕਰਨ) ਦੇ ਵਿਰੋਧ ਤੱਕ ਸੀਮਤ ਹੋ ਕੇ ਰਹਿ ਜਾਣਗੇ। ਉਹ ਕੇਵਲ ਨੋਟੀਫਿਕੇਸ਼ਨ ਦੀ ਵਾਪਸੀ ਦਾ ਘੋਲ ਕਰਨਗੇ।

ਉਹ ਅਜਿਹੇ ਹਨ, ਜੋ ਮਾਰਕਸਵਾਦ-ਲੈਨਿਨਵਾਦ ਦੀ ਵਡਿਆਈ ਵੀ ਕਰਦੇ ਹਨ, ਉਸ ਦੇ ਧਾਰਨੀ ਹੋਣ ਦਾ ਐਲਾਨ ਕਰਕੇ ਮਾਣ ਮਹਿਸੂਸ ਵੀ ਕਰਦੇ ਹਨ, ਪਰ ਉਹ ਮਾਰਕਸਵਾਦ ਦੇ :

1) "ਮੁੱਲ ਦਾ ਕਿਰਤ ਸਿਧਾਂਤ", (Labour theory of value)

2) "ਕਿਰਤ ਦਾ ਵਾਧੂ-ਮੁੱਲ ਸਿਧਾਂਤ" (Theory of surplus value) ਅਤੇ ਉਸ ਵਿਚਲੀ ਭਿੰਨਤਾ, "ਨਿਰੋਲ-ਵਾਧੂ-ਮੁੱਲ" (Absolute surplus value) ਅਤੇ "ਸਾਪੇਖ ਸਵਾਧੂ-ਮੁੱਲ" (Relative surplus value) ਦੇ ਵਰਤਾਰਿਆਂ ਨੂੰ ਨਜ਼ਰਅੰਦਾਜ਼ ਕਰਨ ਦੀ ਭੁੱਲ ਦਾ ਸ਼ਿਕਾਰ ਹੋਣੋਂ ਬਚ ਨਹੀਂ ਸਕਦੇ।

ਅਣਜਾਣ ਪਾਠਕ, ਯੋਜਨਾਬੱਧ, ਝੂਠੇ ਅਤੇ ਕਮੀਨੇ ਪਰਚਾਰ ਦਾ ਸ਼ਿਕਾਰ ਵੀ ਹੋ ਸਕਦੇ ਹਨ। ਉਹ ਇਸ ਸਾਜ਼ਿਸ਼ ਦਾ ਸ਼ਿਕਾਰ ਵੀ ਹੋ ਸਕਦੇ ਹਨ ਕਿ ; 'ਵਾਰ-ਵਾਰ ਇਕੋ ਗੱਲ', "ਛੁਟੇਰੀ ਕੰਮ ਦਿਹਾੜੀ"! 'ਕਿਵੇਂ ਰੱਟਾ ਲਾ ਰੱਖਿਐ, ਜਿਵੇਂ ਹੋਰ ਕੋਈ ਮਸਲਾ ਹੀ ਨਾ ਹੋਵੇ'।

ਹਾਂ ਜੀ, ਇਹੀ ਮਸਲਿਆਂ ਦਾ ਮਸਲਾ ਹੈ! ਇਹ ਮੁੱਖ ਮਸਲਾ ਹੈ। ਦਾਸ-ਕੈਪੀਟਲ ਦੇ ਮੁਲਾਂਕਣ ਵਿਚ ਲੈਨਿਨ, ਮਾਰਕਸ ਦੇ ਇਸ ਸਿਧਾਂਤਕ ਨਿਰਣੇ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦਾ ਹੈ। ਇਸ ਨੇਮ ਦਾ ਅਮਲ ਅੰਸ਼ਕ ਮਸਲਿਆਂ ਦਾ ਹੱਲ ਕਰਤਾ ਵੀ ਹੈ।

ਇਸ ਨੂੰ ਸਮਝਣ ਵਿਚ ਉਕਤਾਈ ਬਾਰੇ ਪਹਿਲਾਂ ਲੈਨਿਨ ਦਾ ਹਵਾਲਾ ਵਿਚਾਰ ਲੈਣਾ ਵਾਜਬ ਹੈ।

ਲੈਨਿਨ ਨੇ "ਪਦਾਰਥਵਾਦ" ਬਾਰੇ ਕਿਤਾਬ ਲਿਖਣ ਦੀ ਤਿਆਰੀ ਵਿਚ, ਲੋੜੀਂਦੇ ਸਾਰੇ ਫਿਲਾਸਫਰਾਂ, ਖਾਸ ਤੌਰ 'ਤੇ ਹੀਗਲ ਦੇ ਫਲਸਫੇ ਬਾਰੇ ਨਿੱਠ ਕੇ ਅਧਿਐਨ ਕੀਤਾ। ਉਹਨਾਂ ਦੇ ਨੋਟ ਲਏ, ਜੋ ਉਸ ਦੀ "ਦਾਰਸ਼ਨਿਕ ਨੋਟ ਬੁੱਕ" ਵਜੋਂ ਮਸ਼ਹੂਰ ਹੈ।


ਸਮਾਜ ਨੂੰ ਸੇਧ ਦੇਣ ਲਈ, 'ਪੂੰਜੀ', ਦਾਰਸ਼ਨਿਕ ਅਤੇ ਆਰਥਕ ਪੱਖੋਂ ਮਾਰਕਸ ਦੀ ਵੱਡਮੁੱਲੀ ਦੇਣ ਹੈ। ਪੂੰਜੀ ਨੂੰ ਸਮਝਣ ਬਾਰੇ ਜੋ ਉਹਨਾਂ 'ਨੋਟ-ਬੁੱਕ' 'ਚ ਲਿਖਿਆ; ਉਹ ਫਲਸਫੇ ਦਾ ਵਡੱਪਣ ਉਜਾਗਰ ਕਰ ਦਿੰਦਾ ਹੈ।

ਪਦਾਰਥਵਾਦ-(ਵਿਰੋਧਵਿਕਾਸੀ) ਦੀ ਪੂਰੀ ਪੜ੍ਹਾਈ ਅਤੇ ਸਮਝਦਾਰੀ ਬਗੈਰ, ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਦਾ ਰਾਹ ਨਹੀਂ ਮਿਲਦਾ। ਉਸ ਨੇ ਲਿਖਿਆ "ਨਤੀਜੇ ਵਜੋਂ ਅੱਧੀ ਸਦੀ ਪਿੱਛੋਂ ਵੀ ਕੋਈ ਮਾਰਕਸਵਾਦੀ ਨਹੀਂ, ਜਿਸ ਨੇ ਮਾਰਕਸ ਨੂੰ ਸਮਝ ਲਿਆ ਹੋਵੇ। ["..Consiquentily, half a century later none of the marxist understood Marx."-(ph.notebooks)]

ਮਾਰਕਸਵਾਦ ਦੇ "ਸਾਪੇਖ ਵਾਧੂ-ਮੁੱਲ ਸਿਧਾਂਤ" ਦੇ ਸ਼ਾਤਰ, ਜਮਾਤੀ-ਵਿਰੋਧੀ ਅਤੇ ਅਗਿਆਨੀ, ਘਮੰਡੀ-ਵਿਦਵਾਨ (ਖੂਹ ਦੇ ਡੱਡੂ) ਜ਼ੋਰਦਾਰ ਪਰਚਾਰਕ-ਦਾਅਵਾ ਕਰਦੇ ਹਨ ਕਿ; "ਮਾਰਕਸਵਾਦ ਪੱਛੜੇ ਦੇਸ਼ਾਂ ਵਿਚ ਤਾਂ ਸਾਰਥਕ ਹੈ, ਪਰ ਵਿਕਸਤ ਮੁਲਕਾਂ ਵਿਚ ਇਹ ਸਾਰਥਕ ਨਹੀਂ ਰਿਹਾ।" ਇਹ ਵਿਰੋਧ ਦੀ ਇਕ ਵੰਨਗੀ ਹੈ। ਅਜਿਹਾ ਕੋਈ ਮੌਕਾ ਜਾਂ ਹਰਬਾ ਨਹੀਂ ਹੈ, ਜੋ ਮਾਰਕਸਵਾਦ ਨੂੰ ਛੁਟਿਆਉਣ, ਭੰਡਣ ਲਈ ਇਸ ਦੇ ਵਿਰੋਧੀਆਂ ਵੱਲੋਂ ਵਰਤਿਆ ਨਾ ਗਿਆ ਹੋਵੇ।

ਮਾਰਕਸਵਾਦ ਨੂੰ ਮੰਨਣ ਵਿਚ 'ਮੋਹਰੀ' ਬਣੇ ਵਿਦਵਾਨ ਵੀ "ਨਿਰੋਲ ਅਤੇ ਸਾਪੇਖ ਵਾਧੂ-ਮੁੱਲ ਸਿਧਾਂਤ" (Theory of Absolute & Relative surplus value) ਦੀ ਸਮਝਦਾਰੀ ਅਤੇ ਵਿਗਿਆਨਕਤਾ ਦੇ ਵਿਰੋਧ ਵਿਚ ਭੁਗਤਦੇ ਹਨ। ਉਹ ਕੰਮ-ਦਿਨ ਦੀ ਸੀਮਾਂ "ਅੱਠ ਘੰਟੇ" ਨੂੰ ਆਦਰਸ਼ ਸਮਝੀ ਬੈਠੇ ਹਨ। ਉਹ ਪ੍ਰਚਾਰ ਕਰਦੇ ਹਨ; "ਮਜ਼ਦੂਰ ਕੋਲ '8 ਘੰਟੇ ਕੰਮ, 8 ਘੰਟੇ ਸੌਣ ਅਤੇ 8 ਘੰਟੇ ਆਰਾਮ' ਕਰਨ ਲਈ ਹਨ। ਇਹ ਮਿਆਰੀ ਕੰਮ-ਦਿਨ (Normal working Day) ਹੈ"।

ਇਹ ਗੈਰ-ਵਿਗਿਆਨਕ ਪਹੁੰਚ ਹੈ। ਇਹ ਸਿਧਾਂਤਕ ਖੋਜ ; "ਸਾਪੇਖ ਵਾਧੂ-ਮੁੱਲ ਸਿਧਾਂਤ" ਨੂੰ ਅਣਡਿੱਠ ਕਰਨਾ ਹੈ। ਇਸ ਵਿਗਾੜ ਦੀਆਂ ਜੜ੍ਹਾਂ ਡੂੰਘੀਆਂ ਹਨ। ਪਿੱਛੇ ਜ਼ਿਕਰ ਕਰ ਚੁੱਕੇ ਹਾਂ ਕਿ "ਗੋਥਾ ਪ੍ਰੋਗਰਾਮ" ਪਰਵਾਨ ਕਰਤਿਆਂ, ਜਿਨ੍ਹਾਂ ਵਿੱਚ ਮਾਰਕਸ-ਏਂਗਲਜ਼ ਦੇ ਕਰੀਬੀ ਮਿੱਤਰ (ਲਿਬਨੇਖਤ ਹੁਰੀਂ) ਵੀ ਸ਼ਾਮਲ ਸਨ। ਜਿਸ ਦੀ ਉਹਨਾਂ (ਮਾਰਕਸ-ਏਂਗਲਜ਼) ਨੇ ਭਰਪੂਰ ਅਲੋਚਨਾ ਕੀਤੀ ਸੀ। ਉਹਨਾਂ ਦਾ ਕਿਤਾਬਚਾ "ਗੋਥਾ ਪ੍ਰੋਗਰਾਮ ਦੀ ਅਲੋਚਨਾ" (Critique of Gotha programme), ਮਾਰਕਸਵਾਦ ਵਿਚ "ਕਮਿਊਨਿਸਟ ਮੈਨੀਫੈਸਟੋ" ਵਾਂਗ ਹੀ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਜਿਸ ਵਿੱਚ ਕਮਿਊਨਿਜ਼ਮ ਨੂੰ ਪ੍ਰਭਾਸ਼ਤ ਕੀਤਾ ਵੀ ਪੜ੍ਹਦੇ ਹਾਂ।



"ਹਰ ਇਕ ਤੋਂ ਉਸ ਦੀ ਯੋਗਤਾ ਅਨੁਸਾਰ ਅਤੇ ਹਰ ਲੋੜ ਦੀ ਪੂਰਤੀ" ਦਾ ਸਮਾਜਕ ਪ੍ਰਬੰਧ, ਉਹਨਾਂ ਸਭਨਾਂ ਨੂੰ ਅਸੰਭਵ ਜਾਪੇਗਾ, ਜਿਹੜੇ ਮਾਰਕਸ ਦੀ ਲੱਭਤ ਦਾ ਵਿਸ਼ਲੇਸ਼ਣ ਕਰਦਿਆਂ, "ਜ਼ਰੂਰੀ-ਕਿਰਤ ਸਮਾਂ" ਅਤੇ "ਵਾਧੂ-ਕਿਰਤ ਸਮਾਂ" ਦੀ ਉਪਜ ਭਾਵ; ਜਿਣਸ ਦੇ "ਵਰਤੋਂ-ਮੁੱਲ" ਅਤੇ "ਮੁੱਲ" ਦਾ ਵਖਰੇਵਾਂ

ਨਜ਼ਰਅੰਦਾਜ਼ ਕਰਦੇ ਹਨ। ਜਿਸ ਨੂੰ ਇਹ ਅਦੁੱਤੀ ਗੁਣ ਸਮਝ ਆ ਜਾਵੇਗਾ, ਉਹ ਮਾਰਕਸਵਾਦ ਦੀ ਸਾਰਥਕਤਾ ਦਾ ਸਵਾਲ ਉਠਾਉਣ ਵਾਲਿਆਂ ਨੂੰ ਫਿਟਕਾਰ ਪਾਏ ਬਗੈਰ ਨਹੀਂ ਰਹਿ ਸਕਦਾ। ਇਹ ਵੱਖਰੀ ਗੱਲ ਹੈ ਕਿ ਕੁਝ ਲੋਕ ਦੱਸੇ ਤੋਂ ਵੀ ਨਹੀਂ ਸਮਝਦੇ, ਵਾਪਰੇ ਤੋਂ ਅੱਛ ਅੱਛ ਕਰਦੇ ਹਨ। ਰੂਸੀ ਸਮਾਜਵਾਦੀ ਇਨਕਲਾਬ ਹੋਣ ਪਿੱਛੋਂ ਬਰਤਾਨੀਆ ਦਾ ਮਸ਼ਹੂਰ ਵਿਦਵਾਨ ਐੱਚ ਜੀ ਵੈਲਜ ਰੂਸ ਦੇ ਦੌਰੇ 'ਤੇ ਗਿਆ, ਗੋਰਕੀ ਵਿਖੇ ਉਹ ਲੈਨਿਨ ਨੂੰ ਮਿਲਿਆ, ਇੰਟਰਵਿਊ ਕੀਤਾ, ਜਿਸ ਵਿਚ ਪੱਛੜੇ ਦੇਸ਼ ਰੂਸ ਵਿਚ 'ਕਮਿਊਨਿਸਟ ਸਮਾਜ ਉਸਾਰੀ' ਦੇ ਸੰਬੰਧੀ ਸਵਾਲ ਦੇ ਜਵਾਬ ਵਿਚ ਕਿਹਾ: "ਸੋਵੀਅਤਾਂ ਦੀ ਸੱਤਾ ਅਤੇ ਰੂਸ ਦਾ ਬਿਜਲੀਕਰਨ" ਦੋਵੇਂ ਮਿਲ ਕੇ ਰੂਸ ਨੂੰ ਕਮਿਊਨਿਸਟ ਸਮਾਜ ਵਿਚ ਬਦਲ ਦੇਣਗੇ। ਐੱਚ ਜੀ ਵੈਲਜ ਨੇ ਬਾਹਰ ਆ ਕੇ ਮਜ਼ਾਕ ਕੀਤਾ; 'ਆਪ ਹਨੇਰੇ ਕਮਰੇ 'ਚ ਬੈਠਾ ਮਨੁੱਖ ਰੂਸ ਨੂੰ ਜਗਮਗਾਉਣ ਦੇ ਸੁਪਨੇ ਵੇਖ ਰਿਹੈ'। ਲੈਨਿਨ ਦੀ 1924 'ਚ ਮੌਤ ਹੋ ਗਈ ਸੀ, ਚੌਦਾਂ ਵਰ੍ਹਿਆਂ ਪਿੱਛੋਂ (1934 'ਚ) ਐੱਚ ਜੀ ਵੈਲਜ ਫਿਰ ਰੂਸ ਦੇ ਦੌਰੇ 'ਤੇ ਗਿਆ, ਰੂਸ ਦਾ ਬਿਜਲੀਕਰਨ

ਹੋ ਚੁੱਕਾ ਸੀ। ਫਿਰ ਉਸ ਨੂੰ ਆਪਣੇ 'ਤੇ ਵਿਅੰਗ ਕਰਨਾ ਪਿਆ; ਉਸ ਨੇ ਲੈਨਿਨ ਬਾਰੇ ਕਿਹਾ; 'ਇਕ ਉਹ ਸੀ, ਜੋ ਸੁਪਨੇ ਨੂੰ ਸਾਕਾਰ ਕਰਨ ਲੱਗਿਆ ਸੀ, ਇਕ ਅਸੀਂ ਸਾਂ, ਜਿਨ੍ਹਾਂ ਨੂੰ ਦੱਸੇ ਤੋਂ ਵੀ ਯਕੀਨ ਨਹੀਂ ਆਇਆ ਸੀ'।

ਅੱਜ ਵੀ ਅਜਿਹੇ ਬਹੁਤ ਹਨ, ਜਿਨ੍ਹਾਂ ਨੂੰ "ਸਾਪੇਖ ਵਾਧੂ-ਮੁੱਲ ਸਿਧਾਂਤ" ਦੱਸਿਆ ਵੀ, ਇਸ ਸੱਚ ਦੀ

ਇਨਕਲਾਬੀ-ਕਰਾਮਾਤ ਦਾ ਯਕੀਨ ਨਹੀਂ ਬੱਝਦਾ।

ਹੁਣ ਫਿਰ ਇਕ ਵਾਰ ਹਾਲਾਤ ਬਦਲੇ ਹਨ, ਸਮਝ ਵੀ ਬਦਲੇਗੀ। ਅਜੋਕਾ 'ਆਰਟੀਫਿਸ਼ਲ-ਇੰਟੇਲੀਜੈਂਸ' (19) ਦਾ ਵਰਤਾਰਾ ਮਾਰਕਸਵਾਦ ਦੀ ਸਿਧਾਂਤਕ ਦਰੁਸਤੀ ਦਾ ਸਬੂਤ ਪੇਸ਼ ਹੀ ਨਹੀਂ ਕਰ ਰਿਹਾ, ਸਗੋਂ "ਜਮਾਤੀ-ਘੋਲ" ਨੂੰ ਵੀ ਏਜੰਡੇ 'ਤੇ ਲੈ ਆਉਣ ਦਾ ਸਬੱਬ ਬਣ ਰਿਹਾ ਹੈ।

ਆਓ, ਗੁੰਝਲ ਨੂੰ ਸਿੱਧਾ ਕਰਕੇ, ਸਮਝਣ ਲਈ ਹੰਭਲਾ ਮਾਰੀਏ।

ਭਾਗ-32

'ਮਾਰਕਸਵਾਦੀ' ਕਿਸ ਉਲਝਣ ਵਿਚ ਫਸੇ ਹਨ?

ਇਹ ਜਾਨਣ ਲਈ ਮਾਰਕਸ ਦੀ ਲੱਭਤ ਵੱਲ ਮੁੜ ਕੇ, ਉਸ ਸੱਚ ਨੂੰ ਖੰਘਾਲ ਕੇ ਦੇਖੀਏ, ਜਿਹੜਾ ਉਸ ਨੇ 'ਸੁਧਾਰ ਅਤੇ ਮੁਕਤੀ' ਦੇ ਮਾਰਗ ਵਜੋਂ ਪੇਸ਼ ਕੀਤਾ ਹੋਇਆ ਹੈ।

1) "ਕਿਰਤ-ਦਿਨ", ਕੁਦਰਤੀ ਦਿਨ 24 ਘੰਟੇ ਦਾ ਹੈ। ਇਸ ਦਾ ਉਹ ਭਾਗ ਜਿੰਨਾ ਸਮਾਂ ਕਿਰਤ ਕਰਨੀ ਹੈ, ਉਹ "ਕਿਰਤ-ਦਿਨ" ਹੈ। ਸਰਮਾਏਦਾਰੀ ਪ੍ਰਬੰਧ ਕਰਕੇ, ਸਰਮਾਏਦਾਰ, ਕਿਰਤੀ ਨੂੰ ਜਿੰਨੇ ਸਮੇਂ ਲਈ, ਉਜਰਤ ਦੇਣ ਬਦਲੇ, ਲੈਂਦਾ ਹੈ, ਉਹ ਕਿਰਤ-ਦਿਨ ਦੀ ਸੀਮਾ ਹੈ। ਇਹ ਬਦਲਦੀ ਆਈ ਹੈ। ਕਦੇ ਕਿਰਤ ਦਿਨ ਦੀ ਸੀਮਾ 20 ,18,16,14, 12 ਘੰਟੇ ਵੀ ਸੀ। ਫਿਰ ਇਹ ਸੀਮਾ ਕਾਨੂੰਨ ਰਾਹੀਂ ਨਿਸ਼ਚਤ ਹੋਣ ਲੱਗੀ। 1833 ਵਿਚ ਔਰਤਾਂ ਤੇ ਬੱਚਿਆਂ ਲਈ ਇਹ ਸੀਮਾ 14 ਘੰਟੇ ਸੀ, ਮਰਦ 16 ਘੰਟੇ ਦੀ ਕੰਮ-ਦਿਨ ਸੀਮਾ ਹੇਠ ਕੰਮ ਕਰਦੇ ਸਨ। 15 ਵਰ੍ਹੇ ਪਿੱਛੋਂ ਕਿਰਤ-ਦਿਨ ਦੀ ਕਾਨੂੰਨੀ ਸੀਮਾ, 10 ਘੰਟੇ, ਇਕ ਮਈ 1848 ਤੋਂ ਇੰਗਲੈਂਡ ਵਿਚ ਲਾਗੂ ਹੋਈ।

ਕਿਰਤੀ ਦੀ ਕਿਰਤ-ਸ਼ਕਤੀ ਨੂੰ 10 ਘੰਟੇ ਲਈ, ਨਿਸ਼ਚਤ ਉਜਰਤ ਉਪਰ ਵਟਾਇਆ ਜਾਂਦਾ ਹੈ। ਇਹ ਵਟਾਂਦਰੇ ਵਾਲੀ ਕਿਰਤ-ਸ਼ਕਤੀ ਨੂੰ 'ਉਜਰਤੀ ਕਿਰਤ' ਸੱਦਿਆ ਜਾਂਦਾ ਹੈ।

ਕਿਰਤੀ ਕੋਲ, ਕਿਰਤ ਦਾ ਦੋਹਰਾ ਗੁਣ ਹੈ।

ਇਕ, "ਮੂਰਤ-ਕਿਰਤ" (concrete labour) ਹੈ। ਦੂਜਾ, "ਅਮੂਰਤ-ਕਿਰਤ" (Abstrect labour) ਹੈ ਮਾਰਕਸ ਦੀ ਇਸ ਕਿਰਤ ਭਿੰਨਤਾ ਦੀ ਸਮਝਦਾਰੀ ਬਗੈਰ, ਸਾਂਝੀਵਾਲ-ਸਮਾਜ ਉਸਾਰੀ ਦੀ ਕਲਪਨਾ ਕਰਨਾ ਹੀ ਮੁਸ਼ਕਲ ਹੈ।

"ਮੂਰਤ-ਅਮੂਰਤ" ਵਖਰੇਵਾਂ ਕੀ ਅਤੇ ਕਿਉਂ ਹੈ?

ਕਿਰਤੀ ਦੋਵਾਂ ; 'ਮੂਰਤ-ਅਮੂਰਤ' ਕਿਰਤ ਦਾ ਸੁਮੇਲ ਹੈ। ਮੂਰਤ ਜਾਂ ਠੋਸ ਰੂਪ, ਕਿਰਤੀ ਖੁਦ ਹੈ, ਉਹ ਠੋਸ ਰੂਪ ਹਾਜ਼ਰ ਹੈ, ਉਸ ਦਾ ਇਹ ਮੂਰਤ-ਰੂਪ, ਕਿਸੇ ਠੋਸ-ਰੂਪ ਦਾ ਉਤਪਾਦਨ ਕਰਦਾ ਹੈ, ਜਿਵੇਂ ਕਿਸਾਨ ਅਨਾਜ ਪੈਦਾ ਕਰਦਾ ਹੈ, ਮੋਚੀ ਜੁੱਤੀ ਬਣਾਉਂਦਾ ਹੈ, ਜੁਲਾਹਾ ਕੱਪੜਾ ਬੁਣਦਾ ਹੈ। ਇਸ ਤਰ੍ਹਾਂ ਅਨਾਜ, ਜੁੱਤੀ ਅਤੇ ਕੱਪੜਾ, ਠੋਸ ਉਪਜਾਂ ਹਨ। ਇਹਨਾਂ ਦੀ ਵਰਤੋਂ ਹੁੰਦੀ ਹੈ। ਇਹ ਵਰਤੋਂ-ਮੁੱਲ ਰੱਖਦੀਆਂ ਹਨ। ਜਿਸ ਕਰਕੇ ਇਹ ਸੂਤਰ ਹੈ ਕਿ, ਠੋਸ-ਕਿਰਤ, ਵਰਤੋਂ-ਮੁੱਲ ਸਿਰਜਦੀ ਹੈ।

ਅਮੂਰਤ-ਕਿਰਤ, ਕਿਰਤੀ ਦਾ ਉਹ ਕਿਰਤ-ਰੂਪ ਹੈ, ਜੋ ਮਨੁੱਖੀ-ਥਕਾਵਟ ਅਤੇ ਘਸਾਈ ਰੂਪ ਵਿਚ ਮਹਿਸੂਸ ਹੁੰਦਾ ਹੈ। ਇਹ ਥਕਾਵਟ, ਕਿਰਤ-ਕਿਰਿਆ ਨਾਲ ਜੁੜੀ ਹੈ। ਕਿਰਤ-ਕਿਰਿਆ ਸਮੇਂ ਵਿਚ ਨੇਪਰੇ ਚੜ੍ਹਦੀ ਹੈ, ਭਾਵ ਉਪਜ 'ਕਿਰਤ-ਸਮੇਂ' ਵਿੱਚ ਉਪਜਾਈ ਜਾਂਦੀ ਹੈ। ਉਪਜ ਉਤੇ ਖਪਤ ਹੋਇਆ 'ਕਿਰਤ-ਸਮਾਂ' ਉਸ ਦਾ ਮੁੱਲ ਹੈ। ਮੋੜਵੇਂ ਰੂਪ ਵਿਚ "ਮੁੱਲ" ਜਮ੍ਹਾਂ ਹੋਇਆ ਅਮੂਰਤ-ਕਿਰਤ ਸਮਾਂ ਹੈ। ਇਹ, ਨਿੱਜੀ ਰੂਪ ਵਿਚ ਖਪਤ ਹੋਏ ਕਿਰਤ ਸਮੇਂ ਦੀ ਥਾਂ, ਸਮਾਜਕ ਰੂਪ ਵਿਚ ਖਪਤ ਹੋਏ ਕਿਰਤ ਸਮੇਂ ਨਾਲ ਜੋੜਿਆ, ਮਾਪਿਆ ਜਾਂਦਾ ਹੈ। ਇਸ ਤਰ੍ਹਾਂ ਕਿਰਤ ਦੇ ਦੋਹਰੇ ਖਾਸੇ ਦਾ ਸੂਤਰ, ਮੁੱਲ ਦੇ ਦੋਹਰੇ ਖਾਸੇ ਵਿਚ ਪਰਗਟ ਹੁੰਦਾ ਹੈ:

* ਠੋਸ-ਕਿਰਤ, ਵਸਤਾਂ, ਜਿਣਸਾਂ ਦੇ ਠੋਸ ਰੂਪ ਵਿਚ, "ਵਰਤੋਂ-ਮੁੱਲ" ਸਿਰਜਦੀ ਹੈ।

* ਅਮੂਰਤ-ਕਿਰਤ, ਜਿਣਸ ਵਿਚ "ਮੁੱਲ" ਜੋੜਦੀ ਹੈ।

* "ਮੁੱਲ" ਕਿਉਂਕਿ ਅਮੂਰਤ-ਕਿਰਤ ਦੀ ਖਪਤ ਦਾ ਜੋੜ ਹੈ। ਅਮੂਰਤ-ਕਿਰਤ, ਕਿਰਤੀ ਤੋਂ ਵੱਖ ਨਹੀਂ ਕੀਤੀ ਜਾ ਸਕਦੀ। ਇਸ ਲਈ ਇਹ (ਅਮੂਰਤ-ਕਿਰਤ) ਜ਼ਿੰਦਾ ਕਿਰਤ ਹੈ। ਸੋ ਕੇਵਲ ਤੇ ਕੇਵਲ ਜਿੰਦਾ-ਕਿਰਤ (ਦੀ ਖਪਤ) ਹੀ 'ਨਵੇਂ-ਮੁੱਲ' ਦਾ ਨਿਰਮਾਣ ਕਰਦੀ ਹੈ। ਇਸ ਦੇ ਸਮਾਜਕ ਨਤੀਜਿਆਂ ਨੂੰ ਅੱਗੇ ਚੱਲ ਕੇ ਵਿਚਾਰਾਂਗੇ, ਪਹਿਲਾਂ "ਵਾਧੂ-ਮੁੱਲ ਦਾ ਸਿਧਾਂਤ" ਅਤੇ ਉਸ ਦੇ ਰੂਪ: "ਨਿਰੋਲ ਅਤੇ ਸਾਪੇਖ" ਵਾਧੂ-ਮੁੱਲ ਬਾਰੇ, ਸਮਝ ਦੀ ਪੜਤਾਲ ਕਰ ਲਈਏ।

ਵਾਧੂ-ਮੁੱਲ ਕੀ ਹੈ?

ਇਹ ਕਿਵੇਂ ਪੈਦਾ ਹੁੰਦਾ ਹੈ?

ਜਵਾਬ ਵਿਚ ਕਹਿਣਾ, ਇਹ "ਕਿਰਤ ਦੀ ਲੁੱਟ ਹੈ"।

ਇਹ ਜਵਾਬ ਠੀਕ ਹੋਣ ਦੇ ਬਾਵਜੂਦ, ਅਧੂਰਾ ਹੈ।

ਬਹੁਤ ਸਾਰੇ ਵਿਦਵਾਨ ਮਾਰਕਸ ਦੀ ਲੱਭਤ :

"ਮੁੱਲ ਦਾ ਕਿਰਤ ਸਿਧਾਂਤ" (Labour-theory of value) ਤੋਂ ਹਟਵੀਂ ਸਮਝਦੇ ਹਨ। ਨਤੀਜਾ ਕਿ ਉਹ ਗੈਰ-ਮਾਰਕਸਵਾਦੀ ਸਮਝ ਵਾਲੇ ਹਨ। ਅਸਲ ਵਿਚ ਉਹ ਮੁੱਲ ਦੇ ਬੁਰਜੂਆ ਸਿਧਾਂਤ; "ਚਾਲੂ-ਸਰਮਾਇਆ" (Circulating Capital) ਦੀ ਸਮਝ ਵਾਲੇ ਹਨ। (ਜਿਸ ਵਿਚ ਕਿਰਤ+ਕੱਚਾ ਮਾਲ+ਪਾਵਰ ਨੂੰ ਸ਼ਾਮਲ ਕੀਤਾ ਜਾਂਦਾ ਹੈ)

ਜਦੋਂ "ਮੁੱਲ ਦੇ ਕਿਰਤ ਸਿਧਾਂਤ" ਦੀ ਸਮਝ ਗਲਤ ਬਣ ਗਈ ਤਾਂ "ਵਾਧੂ-ਮੁੱਲ ਦਾ ਸਿਧਾਂਤ" ਵੀ ਗੜਬੜਾ ਜਾਣਾ ਸੁਭਾਵਿਕ ਹੈ। ਫਿਰ ਮਾਰਕਸ ਦੀ ਲੱਭਤ "ਵਾਧੂ-ਮੁੱਲ ਦਾ ਸਿਧਾਂਤ" ਵਿੱਚੋਂ ਸਰਮਾਏਦਾਰੀ ਦੇ ਖਾਤਮੇ ਦੀ ਵਿਗਿਆਨਕ ਹੋਣੀ ਦਾ ਦਿਸ਼ਾਹੀਣ ਹੋ ਜਾਣਾ ਵੀ ਸੁਭਾਵਿਕ ਹੈ। ਇਹ ਗੈਰ-ਸਿਧਾਂਤਕ ਅਮਲ ਵਿਚ ਉਲਝ ਜਾਣਾ ਹੈ। ਇਹ ਮਾਰਕਸਵਾਦੀ ਸੇਧ ਛੱਡ ਕੇ, ਗੈਰ-ਵਾਜਬ, ਮਾਰਕਸਵਾਦੀ ਨਤੀਜੇ ਭਾਲਣ ਦਾ ਔਜੜ-ਰਾਹ ਹੈ।

ਸੋ ਮਾਰਕਸਵਾਦੀ ਸਮਝ ਵੱਲ ਮੁੜੀਏ, ਸਹੀ ਰਾਹ ਪਈਏ।

ਮੁੱਲ ਦੇ ਸਿਧਾਂਤ ਵਿਚੋਂ, ਵਾਧੂ-ਮੁੱਲ ਦੇ ਸਿਧਾਂਤ ਅਤੇ ਉਸ ਵਿਚੋਂ ਸਰਮਾਏਦਾਰੀ ਦੇ ਸਵੈ-ਖਾਤਮ ਦੀ ਵਿਗਿਆਨਕ ਹੋਣੀ ਨੂੰ ਜਾਣੀਏ, ਉਸ ਨੂੰ ਤੇਜ਼ ਕਰਨ ਵਿਚ ਹਿੱਸਾ ਪਾਈਏ, ਨਾ ਕਿ ਮੱਠਾ ਕਰਕੇ ਉਸ ਦੀ ਉਮਰ ਵਧਾਈਏ। ਮਾਰਕਸਵਾਦੀ ਬਣੀਏ!

ਕਿਰਤ (ਮੂਰਤ+ਅਮੂਰਤ) ਕਿਰਤੀ ਦਾ ਗੁਣ ਹੈ।

ਇਸ ਦੀ ਵਰਤੋਂ (ਖਪਤ) ਸਮੇਂ ਵਿਚ ਹੁੰਦੀ ਹੈ। ਇਹ ਖਪਤ ਅਮੂਰਤ-ਕਿਰਤ (ਕਿਰਤ-ਸ਼ਕਤੀ) ਦੀ ਹੁੰਦੀ ਹੈ। ਇਸ ਦਾ ਗੁਣ ਹੈ, ਖਪਤ ਦੌਰਾਨ, ਕਿਰਤ-ਸ਼ਕਤੀ

ਆਪਣੇ ਮੁੱਲ ਤੋਂ ਵਧੇਰੇ ਮੁੱਲ ਦੀ ਸਿਰਜਣਾ ਕਰਦੀ ਹੈ।

ਸਰਮਾਏਦਾਰ, ਕਿਰਤੀ ਨੂੰ ਇਕ ਨਿਸਚਤ ਸਮੇਂ ਲਈ, ਉਜਰਤੀ-ਮਜ਼ਦੂਰੀ ਦੀ ਅਦਾਇਗੀ ਕਰਨ ਦੇ

ਵਾਅਦੇ ਨਾਲ, ਉਸ ਦੀ ਕਿਰਤ-ਸ਼ਕਤੀ ਦੀ ਵਰਤੋਂ (ਖਪਤ) ਸ਼ੁਰੂ ਕਰਦਾ ਹੈ। ਧਿਆਨ ਰਹੇ, ਉਜਰਤ ਅਦਾਇਗੀ, ਕੰਮ ਸਮਾਪਤੀ (ਕਿਰਤ ਸ਼ਕਤੀ ਦੀ ਖਪਤ, ਭਾਵ ਨਵਾਂ ਮੁੱਲ ਸਿਰਜਨ) ਪਿੱਛੋਂ ਹੁੰਦੀ ਹੈ।

ਹੁਣ ਕਿਰਤ-ਸ਼ਕਤੀ ਦੀ ਖਪਤ ਸ਼ੁਰੂ ਹੁੰਦੀ ਹੈ। ਇਹ ਆਪਣੇ ਗੁਣ ਅਨੁਸਾਰ, ਆਪਣੇ ਮੁੱਲ ਤੋਂ ਵਧੇਰੇ ਮੁੱਲ ਦੀ ਸਿਰਜਣਾ ਕਰਦੀ ਹੈ। ਇਸ ਤਰ2ਾਂ, ਕਿਰਤ-ਸ਼ਕਤੀ

ਜੋ ਇਕ ਨਿਸ਼ਚਤ ਸਮੇਂ ਲਈ, ਉਜਰਤੀ ਅਦਾਇਗੀ

ਦੇ ਵਾਅਦੇ ਨਾਲ ਲਈ ਹੈ, ਉਹ ਸਮਾਂ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਪਹਿਲਾ ਭਾਗ; ਜਿੰਨੇ ਸਮੇਂ ਵਿਚ

ਮਿਲਣ ਵਾਲੀ ਉਜਰਤ ਦੇ ਮੁੱਲ ਬਰਾਬਰ, ਮੁੱਲ ਸਿਰਜਿਆ ਗਿਆ ਹੈ। ਮਾਰਕਸ ਇਸ ਨੂੰ, "ਜ਼ਰੂਰੀ-ਕਿਰਤ ਸਮਾਂ" (Necessary labour time) ਨਾਂਅ ਦਿੰਦਾ ਹੈ, ਕਿਉਂਕਿ ਕਿਰਤ-ਸ਼ਕਤੀ ਆਪਣੇ ਮੁੱਲ ਤੋਂ ਵਧੇਰੇ ਮੁੱਲ ਦੀ ਸਿਰਜਕ ਹੈ, ਪਰ ਕਿਰਤੀ ਨਿਸ਼ਚਤ ਕੀਤੇ ਸਮੇਂ ਤੱਕ ਕਿਰਤ ਕਰਦਾ ਹੈ। ਇਸ ਸਮੇਂ ਦੀ ਕਿਰਤ-ਸ਼ਕਤੀ ਦੀ ਖਪਤ ਨੂੰ, ਮਾਰਕਸ, "ਵਾਧੂ-ਕਿਰਤ ਸਮਾਂ" (Surplus labour time) ਦਾ ਨਾਂਅ ਦਿੰਦਾ ਹੈ।

ਇਸ ਨਾਲ ਬੁਰਜੂਆ ਪਰਚਾਰ ਕਿ 'ਸਰਮਾਏਦਾਰ ਕਿਰਤੀਆਂ ਨੂੰ ਰੁਜ਼ਗਾਰ ਦੇ ਕੇ ਪਾਲਦੇ ਹਨ' ਦਾ ਸੱਚ ਸਾਹਮਣੇ ਆ ਗਿਆ, ਕਿਰਤੀ ਪਹਿਲਾਂ ਉਸ (ਖੁਦ) ਨੂੰ ਮਿਲੀ ਉਜਰਤ ਬਰਾਬਰ ਮੁੱਲ ਸਿਰਜ ਕੇ, ਉਸ ਨੂੰ ਪੂਰਾ ਕਰਦਾ ਹੈ, ਫਿਰ "ਵਾਧੂ ਕਿਰਤ ਸਮੇਂ" ਵਿਚ ਵਾਧੂ-ਮੁੱਲ ਸਿਰਜ ਕੇ ਸਰਮਾਏਦਾਰ ਨੂੰ ਅਮੀਰ ਕਰਦਾ ਹੈ। ਜੋ ਕੁਝ ਨਵਾਂ ਸਿਰਜਿਆ ਹੈ ਇਹ ਕਿਰਤ ਦੀ ਸਿਰਜਣਾ ਹੈ। ਸੋ ਮਾਲਕ ਮਜ਼ਦੂਰ ਨੂੰ ਨਹੀਂ ਪਾਲਦਾ, ਸਗੋਂ ਮਜ਼ਦੂਰ ਮਾਲਕ ਨੂੰ ਪਾਲਦਾ ਤੇ ਅਮੀਰ ਬਣਾਉਂਦਾ ਹੈ।

ਇਸ ਤਰ੍ਹਾਂ ਸਰਮਾਏਦਾਰ ਅਤੇ ਕਿਰਤੀ ਦੁਵੱਲੇ ਵਾਅਦੇ ; "ਨਿਸ਼ਚਤ ਸਮੇਂ ਦੀ ਨਿਸ਼ਚਤ ਉਜਰਤ" ਵਿਚ ਬੱਝ ਜਾਂਦੇ ਹਨ। ਸਰਮਾਏਦਾਰੀ ਇਸ ਨੂੰ ਨਿਆਇਕ ਵਰਤਾਰਾ ਐਲਾਨਦੀ ਹੈ। ਇਹੀ ਕਿਰਤੀ ਲਈ "ਉਜਰਤੀ- ਗੁਲਾਮੀ" ਦਾ ਮੁੱਢ ਹੈ।

ਇਹ ਜਾਣ ਲੈਣ ਪਿੱਛੋਂ ਕਿ "ਵਾਧੂ-ਮੁੱਲ", ਵਾਧੂ-ਕਿਰਤ-ਸਮੇਂ ਦੀ ਉਪਜ ਹੈ। ਇਸ ਨਾਲ ਵਾਧੂ-ਮੁੱਲ ਵਧੇਰੇ ਪੈਦਾ ਕਰਨ ਦਾ ਸਿਧਾਂਤ ਹੋਂਦ ਵਿਚ ਆ ਗਿਆ, ਜਿਸ ਨੂੰ "ਵਾਧੂ-ਮੁੱਲ ਸਿਧਾਂਤ" (Theory of surplus value) ਦਾ ਨਾਂਅ ਦਿੱਤਾ ਗਿਆ ਹੈ ਅਤੇ ਕਿਰਤ ਖਪਤ ਦਾ "ਨਿਸ਼ਚਤ ਸਮਾਂ", ਹੁਣ ਕਿਰਤ-ਦਿਨ (Labour-day) ਸੱਦਿਆ ਜਾਂਦਾ ਹੈ।

"ਕਿਰਤ-ਦਿਨ" ਦੀ ਵੰਡ : 'ਜ਼ਰੂਰੀ ਕਿਰਤ ਸਮਾਂ' ਅਤੇ'ਵਾਧੂ-ਕਿਰਤ-ਸਮਾਂ' ਹੈ। ਇਹਨਾਂ ਦਾ ਨਤੀਜਾ; ਕਿਰਤੀ ਲਈ ਉਜਰਤ ਅਤੇ ਮਾਲਕ ਲਈ 'ਮੁਨਾਫਾ' ਹੈ। 'ਵਾਧੂ-ਮੁੱਲ ਸਿਧਾਂਤ' ਅਨੁਸਾਰ ਉਜਰਤ ਬਰਾਬਰ ਮੁੱਲ ਦੀ ਸਿਰਜਨਾ, ਜੋ ਜ਼ਰੂਰੀ ਕਿਰਤ ਸਮੇਂ ਦੀ ਉਪਜ ਹੈ, ਦੇ ਮੁਕਾਬਲੇ 'ਵਾਧੂ-ਕਿਰਤ-ਸਮਾਂ' ਨੂੰ ਵੱਡਾ ਕਰਕੇ, ਵਾਧੂ-ਮੁੱਲ ਸਿਰਜਿਆ ਜਾਂਦਾ ਹੈ। ਜਿਸ ਵਿੱਚ ਕਿਰਤ-ਦਿਨ ਨੂੰ ਲੰਮਾ ਕਰ ਕੇ ਵਾਧੂ-ਮੁੱਲ ਹਾਸਲ ਕੀਤਾ ਜਾਂਦਾ ਹੈ। ਮਾਰਕਸ ਇਸ ਵਿਧੀ ਨੂੰ "ਨਿਰੋਲ-ਵਾਧੂ-ਮੁੱਲ" (Absolute surplus value) ਦਾ ਨਾਂਅ ਦਿੰਦਾ ਅਤੇ ਲਿਖਦਾ ਹੈ।

ਜਦੋਂ ਕਾਰਖਾਨੇਦਾਰੀ ਵਿਚ ਮਸ਼ੀਨ ਦੀ ਵਰਤੋਂ ਸ਼ੁਰੂ ਹੋਈ ਤਾਂ ਲੰਮੇ ਕਿਰਤ-ਦਿਨ ਦੀ ਥਾਂ, 'ਛੁਟੇਰਾ-ਕਿਰਤ-ਦਿਨ' ਅਮਲ ਵਿਚ ਆ ਗਿਆ। ਜਿਸ ਨੇ ਕਿਰਤ ਉਤਪਾਦਕਤਾ ਨੂੰ ਵਧਾਇਆ। ਕੁਲ ਪੈਦਾਵਾਰ ਨੂੰ ਵੀ ਵਧਾਇਆ। "ਦਾਸ-ਕੈਪੀਟਲ" ਇਹਨਾਂ ਵੇਰਵਿਆਂ ਨਾਲ ਭਰੀ ਹੋਈ ਹੈ। ਆਖਰ ਕਿਰਤ ਦੇ ਸਥਾਨਕ ਨਿਯਮ, "ਕਿਰਤ-ਕਾਨੂੰਨ" ਦਾ ਰੂਪ ਧਾਰਨ ਲੱਗੇ।

ਮਾਰਕਸ ਨੇ ਮਾਲਕਾਂ ਦੇ ਮੁਨਾਫੇ ਲਈ 'ਨਿਰੋਲ ਵਾਧੂ-ਮੁੱਲ' (ਕਿਰਤ-ਦਿਨ ਲੰਮਾ ਕਰਨ ਤੇ ਕਾਨੂੰਨੀ ਰੋਕ ਕਾਰਨ) ਦੀ ਥਾਂ ਨਵੇਂ ਰੁਝਾਨ ਨੂੰ ਨੋਟ ਕਰਦਿਆਂ ਨਵੀਂ ਵਿਧੀ ਨੂੰ "ਸਾਪੇਖ ਵਾਧੂ-ਮੁੱਲ" ਦਾ ਸਿਧਾਂਤ ਬਿਆਨ ਕੀਤਾ ਹੈ, ਜਿਸ ਵਿੱਚ ਨਿਸ਼ਚਤ ਕਿਰਤ ਦਿਨ ਦੇ ਦੋ ਭਾਗਾਂ : "ਜ਼ਰੂਰ ਕਿਰਤ ਸਮਾਂ"

ਅਤੇ "ਵਾਧੂ-ਕਿਰਤ-ਸਮਾਂ" ਦੇ ਅਨੁਪਾਤ ਵਿੱਚ ਪਹਿਲੇ ਨੂੰ ਛੋਟਾ ਕਰਕੇ ਦੂਜੇ ਨੂੰ ਵੱਡੇ ਕਰਨ ਦਾ ਸੂਤਰ ਖੋਜਿਆ ਅਤੇ ਵਿਖਿਆਨ ਕੀਤਾ ਹੈ।

ਸੰਪਰਕ : 94174-09216

ਤਰਸੇਮ ਬਸ਼ਰ

# ਯਾਦਗਾਰੀ ਫਿਲਮ : ਪਵਿੱਤਰ ਪਾਪੀ

ਇਸ ਵਾਰ ਅਜਿਹੀ ਫਿਲਮ ਦੀ ਵਿਆਖਿਆ ਕੀਤੀ ਜਾ ਰਹੀ ਹੈ, ਜਿਸ ਨੇ ਪੰਜਾਬੀ ਸਾਹਿਤ ਨੂੰ ਨਵੀਂ ਬੁਲੰਦੀ, ਇਕ ਅੱਡਰੀ ਪਹਿਚਾਣ ਦਿੱਤੀ।

ਵਿਆਖਿਆ ਅਧੀਨ ਫਿਲਮ ਦਾ ਨਾਂਅ ਹੈ 'ਪਵਿੱਤਰ ਪਾਪੀ।' ਇਹ ਪੰਜਾਬ ਦੇ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਹੁਰਾਂ ਦੀ ਰਚਨਾ 'ਤੇ ਆਧਾਰਤ ਸੀ। 'ਪਵਿੱਤਰ ਪਾਪੀ' 1970 'ਚ ਰਿਲੀਜ਼ ਹੋਈ ਅਤੇ ਇਸ ਦੇ ਨਿਰਦੇਸ਼ਕ ਸਨ ਰਾਜਿੰਦਰ ਭਾਟੀਆ।

ਨਾਨਕ ਸਿੰਘ ਹੁਰਾਂ ਦੀ ਇਸ ਪੰਜਾਬੀ ਰਚਨਾ ਦਾ ਹਿੰਦੀ ਫਿਲਮ ਦੇ ਤੌਰ 'ਤੇ ਆ ਜਾਣਾ ਮਹਿਜ਼ ਸੰਯੋਗ ਨਹੀਂ ਸੀ, ਇਸ ਪਿੱਛੇ ਬਲਰਾਜ ਸਾਹਨੀ ਦੀ ਵੱਡੀ ਘਾਲਣਾ ਸੀ। ਬਲਰਾਜ ਸਾਹਨੀ ਹੁਰਾਂ ਦੀ ਗੱਲ ਕਰੀਏ ਤਾਂ ਉਹ ਹਿੰਦੀ ਫਿਲਮ ਉਦਯੋਗ ਦੇ ਬਹੁਤ ਵੱਡੇ ਅਭਿਨੇਤਾ ਸਨ ਤੇ ਪੰਜਾਬੀ ਸਾਹਿਤ ਅਤੇ ਪੰਜਾਬੀ ਮਾਂ ਬੋਲੀ ਦੇ ਵੱਡੇ ਹਿੱਤ ਚਿੰਤਕ ਵੀ। ਪੰਜਾਬੀ ਦੇ ਲੇਖਕਾਂ ਨੂੰ ਪਿਆਰ ਕਰਨ ਵਾਲੇ ਬਲਰਾਜ ਸਾਹਨੀ ਆਪ ਵੀ ਲੇਖਕ ਦੇ ਤੌਰ 'ਤੇ ਪ੍ਰਸਿੱਧ ਰਹੇ ਹਨ। ਉਨ੍ਹਾਂ ਪੰਜਾਬੀ ਵਿੱਚ ਕਈ ਕਿਤਾਬਾਂ ਦੀ ਰਚਨਾ ਕੀਤੀ। ਜੋ ਲੋਕ ਮਾਂ ਬੋਲੀ ਨੂੰ ਅਰਥਹੀਣ ਵਿਸ਼ਾ ਕਹਿੰਦੇ ਹਨ ਜਾਂ ਸਮਝਦੇ ਹਨ, ਉਨ੍ਹਾਂ ਨੂੰ ਆਪਣੀ ਮਾਂ ਬੋਲੀ ਵਾਸਤੇ ਬਲਰਾਜ ਸਾਹਨੀ ਦੇ ਵਿਚਾਰ ਪੜ੍ਹ ਲੈਣੇ ਚਾਹੀਦੇ ਹਨ।

ਉਨ੍ਹਾ ਨਾਨਕ ਸਿੰਘ ਦੀ ਇਸ ਰਚਨਾ 'ਤੇ ਫਿਲਮ ਬਣਾਉਣ ਦਾ ਉਪਰਾਲਾ ਕੀਤਾ, ਜਿਸ ਵਿਚ ਮੁੱਖ ਭੂਮਿਕਾਵਾਂ ਖੁਦ ਬਲਰਾਜ ਸਾਹਨੀ ਅਤੇ ਉਨ੍ਹਾ ਦੇ ਬੇਟੇ ਪ੍ਰੀਕਸ਼ਿਤ ਸਾਹਨੀ ਨੇ ਨਿਭਾਈਆਂ। ਨਾਇਕਾ ਦੇ ਤੌਰ 'ਤੇ ਉਸ ਸਮੇਂ ਦੀ ਪ੍ਰਸਿੱਧ ਅਭਿਨੇਤਰੀ ਤਨੂਜਾ ਨੂੰ ਲਿਆ ਗਿਆ।

ਪ੍ਰੇਮ ਧਵਨ ਦੇ ਸੰਗੀਤਬੱਧ ਕੀਤੇ ਗੀਤ ਵੀ ਪ੍ਰਸਿੱਧ ਹੋਏ ਸਨ ਅਤੇ ਫਿਲਮ ਵਪਾਰਕ ਤੌਰ 'ਤੇ ਵੀ ਸਫਲ ਰਹੀ ਸੀ।

ਨਾਵਲ ਦੇ ਤੌਰ 'ਤੇ ਵੀ ਇਸ ਰਚਨਾ ਦਾ ਨਾਂਅ 'ਪਵਿੱਤਰ ਪਾਪੀ' ਸੀ ਅਤੇ ਫੀਚਰ ਫ਼ਿਲਮ ਵੀ ਇਸੇ ਨਾਂਅ 'ਤੇ ਬਣੀ।

ਕਹਾਣੀ ਦਾ ਆਰੰਭ ਉਸ ਵਿਅਕਤੀ ਦੇ ਵਿਆਖਿਆਨ ਤੋਂ ਸ਼ੁਰੂ ਹੁੰਦਾ ਹੈ, ਜੋ ਕਹਾਣੀ ਦੇ ਮੁੱਖ ਕਿਰਦਾਰ ਨੂੰ ਸਾਹਮਣੇ ਵਾਲੀ ਦੁਕਾਨ ਵਿਚ ਦੇਖਦਾ ਰਹਿੰਦਾ ਹੈ। ਇਹ ਮੁੱਖ ਕਿਰਦਾਰ ਸ਼ਹਿਰ ਵਿਚ 'ਕਮਾਲ' ਦੇ ਨਾਂਅ 'ਤੇ ਮਸ਼ਹੂਰ ਹੈ, ਪਰ ਅਸਲ ਵਿੱਚ ਇਸ ਦਾ ਨਾਂਅ ਕੇਦਾਰ ਨਾਥ ਹੈ। ਗੁਆਂਢੀ ਦੁਕਾਨਦਾਰ ਨੂੰ ਇਸ ਰਹੱਸਮਈ ਸ਼ਖਸ ਵਿੱਚ ਦਿਲਚਸਪੀ ਹੈ, ਜਿਸ ਬਾਰੇ ਬਹੁਤਾ ਕੋਈ ਵੀ ਕੁਝ ਨਹੀਂ ਜਾਣਦਾ। ਅੰਮ੍ਰਿਤਸਰ ਦੇ ਬਾਜ਼ਾਰ ਵਿਚ ਰਹਿ ਰਹੇ ਇਸ ਵਿਅਕਤੀ ਦੀ ਕਹਾਣੀ ਬਾਅਦ ਵਿੱਚ ਖੁੱਲ੍ਹਦੀ ਹੈ 'ਇਕ ਅਨੂਠੀ ਕਹਾਣੀ।'

ਇਕ ਐਸੇ ਭਾਵੁਕ ਇਨਸਾਨ ਦੀ ਕਹਾਣੀ, ਜੋ ਕਿਸੇ ਅਜਿਹੇ ਵਿਅਕਤੀ ਦੀ ਥਾਂ ਨੌਕਰੀ ਪ੍ਰਾਪਤ ਕਰ ਲੈਂਦਾ ਹੈ, ਜਿਸ ਨੂੰ ਕਿ ਉਸ ਸਮੇਂ ਨੌਕਰੀ ਦੀ ਸਖ਼ਤ ਜ਼ਰੂਰਤ ਹੁੰਦੀ ਹੈ। ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਤੋਂ ਅਜਿਹਾ ਕੁਝ ਹੋ ਗਿਆ ਹੈ ਤਾਂ ਉਹ ਪ੍ਰਾਸਚਿਤ ਵਜੋਂ ਪੂਰੀ ਜ਼ਿੰਦਗੀ ਉਸ ਪਰਵਾਰ ਦੇ ਲੇਖੇ ਲਾ ਦਿੰਦਾ ਹੈ, ਜਿਸ ਪਰਵਾਰ ਦਾ ਮੁਖੀਆ ਨੌਕਰੀ ਛੁੱਟਣ ਤੋਂ ਬਾਅਦ ਕਿਤੇ ਅਣਦੱਸੀ ਥਾਂ 'ਤੇ ਚਲਿਆ ਗਿਆ ਹੈ ਅਤੇ ਉਸ ਸਮੇਂ ਚਲਾ ਗਿਆ ਹੈ, ਜਦੋਂ ਕਿ ਉਸ ਦੇ ਪਰਵਾਰ ਨੂੰ ਉਸ ਦੀ ਸਭ ਤੋਂ ਵੱਧ ਜ਼ਰੂਰਤ ਹੁੰਦੀ ਹੈ।

ਜੇ ਤੁਸੀਂ 'ਪਵਿੱਤਰ ਪਾਪੀ' ਨਾਵਲ ਪੜ੍ਹਿਆ ਹੈ ਤਾਂ ਫਿਲਮ ਦੀ ਪੇਸ਼ਕਾਰੀ ਵਿੱਚ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਕਹਾਣੀ ਨੂੰ ਥੋੜ੍ਹੀ ਫ਼ਿਲਮੀ ਰੰਗਤ ਦਿੱਤੀ ਗਈ ਸੀ। ਫੀਚਰ ਫਿਲਮਾਂ ਦੀ ਪ੍ਰਸਤੁਤੀ ਵਿਚ ਸ਼ਾਇਦ ਇਹ ਜ਼ਰੂਰੀ ਵੀ ਹੋਣਾ ਹੈ, ਪਰ ਫਿਰ ਵੀ ਫਿਲਮ ਕਹਾਣੀ ਦੇ ਮੂਲ ਭਾਵ ਅਤੇ ਕਿਰਦਾਰਾਂ ਨਾਲ ਨਿਆਂ ਕਰਨ ਵਿੱਚ ਸਫਲ ਰਹੀ ਹੈ।

ਕਹਾਣੀ ਆਜ਼ਾਦੀ ਤੋਂ ਪਹਿਲਾਂ ਦੇ ਹਿੰਦੁਸਤਾਨ ਵਿੱਚ ਵਾਪਰਦੀ ਹੈ। 1930-1940 ਦਰਮਿਆਨ ਰਾਵਲਪਿੰਡੀ ਸ਼ਹਿਰ ਵਿਚ ਸ਼ਹਿਰ ਦੇ ਮੁੱਖ ਬਾਜ਼ਾਰ ਵਿੱਚ ਸਰਦਾਰ ਅਤਰ ਸਿੰਘ ਦੀ ਦੁਕਾਨ ਹੈ ਘੜੀਆਂ ਦੀ ਵੱਡੀ ਦੁਕਾਨ। ਪੰਨਾ ਲਾਲ, ਜੋ ਕਿ ਅਤਰ ਸਿੰਘ ਦਾ ਕਾਰੀਗਰ ਹੈ, ਹੁਣ ਬਜ਼ੁਰਗੀ ਵੱਲ ਵਧ ਰਿਹਾ ਹੈ। ਸਰਦਾਰ ਅਤਰ ਸਿੰਘ ਦੀ ਇੱਛਾ ਹੈ ਕਿ ਕੋਈ ਨੌਜਵਾਨ ਮੁੰਡਾ ਉਸ ਦੇ ਕਾਮੇ ਵਜੋਂ ਕੰਮ ਕਰੇ ਤਾਂ ਦੁਕਾਨ ਨੂੰ ਹੋਰ ਹੁਲਾਰਾ ਮਿਲ ਜਾਵੇ। ਬਾਜ਼ਾਰ ਵਿਚ ਕੰਮ ਹੈ, ਪਰ ਉਸ ਦਾ ਕਾਰੀਗਰ ਹੁਣ ਬੁਢਾਪੇ ਵੱਲ ਵਧ ਰਿਹਾ ਹੈ।

ਅਤਰ ਸਿੰਘ ਕਾਮੇ ਦੀ ਤਲਾਸ਼ ਕਰਦਾ ਹੈ, ਪਰ ਪੰਨਾ ਲਾਲ ਇਸ ਸਥਿਤੀ ਵਿੱਚ ਨਹੀਂ ਕਿ ਉਹ ਨੌਕਰੀ ਛੱਡ ਕੇ ਕੋਈ ਹੋਰ ਕੰਮ ਕਰ ਸਕੇ, ਜਦੋਂ ਕਿ ਉਸ ਦਾ ਇਕ ਭਰਿਆ ਪੂਰਾ ਪਰਵਾਰ ਵੀ ਹੈ। ਪੰਨਾ ਲਾਲ ਦੀ ਘਰਵਾਲੀ ਮਾਇਆ, ਧੀਆਂ ਵਿੱਦਿਆ, ਵੀਨਾ ਅਤੇ ਪੁੱਤਰ ਬਸੰਤ ਹੈ।

ਜਦੋਂ ਕੇਦਾਰ ਅਤਰ ਸਿੰਘ ਦੀ ਦੁਕਾਨ 'ਤੇ ਨੌਕਰੀ ਲਈ ਆਉਂਦਾ ਹੈ ਤਾਂ ਅਤਰ ਸਿੰਘ ਤੁਰੰਤ ਉਸ ਨੂੰ ਨੌਕਰੀ 'ਤੇ ਰੱਖ ਲੈਂਦਾ ਹੈ ਅਤੇ ਤੁਰੰਤ ਹੀ ਪੰਨਾ ਲਾਲ ਨੂੰ ਨੌਕਰੀ ਤੋਂ ਫ਼ਾਰਗ ਵੀ ਕਰ ਦਿੰਦਾ ਹੈ। ਕੇਦਾਰ ਨੌਕਰੀ ਮਿਲਣ 'ਤੇ ਖ਼ੁਸ਼ ਹੈ, ਪਰ ਉਸ ਦੀ ਖੁਸ਼ੀ ਉਦੋਂ ਦੁੱਖ ਵਿੱਚ ਬਦਲ ਜਾਂਦੀ ਹੈ, ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਪੰਨਾ ਲਾਲ ਨੌਕਰੀ ਛੁੱਟਣ ਤੋਂ ਬਾਅਦ ਅਣਪਛਾਤੀ ਥਾਂ 'ਤੇ ਚਲਾ ਗਿਆ ਹੈ।




ਕੇਦਾਰ ਇਕ ਚੰਗਾ ਮਨੁੱਖ ਹੈ, ਮਨੁੱਖਤਾ ਨਾਲ ਭਰਿਆ ਹੋਇਆ ਆਦਮੀ। ਉਸ ਨੂੰ ਪੰਨਾ ਲਾਲ ਦੇ ਇਸ ਫੈਸਲੇ ਦਾ ਇਲਮ ਉਸ ਵੱਲੋਂ ਅਤਰ ਸਿੰਘ ਨੂੰ ਲਿਖੀ ਚਿੱਠੀ ਰਾਹੀਂ ਹੁੰਦਾ ਹੈ। ਉਹ ਤੁਰੰਤ ਪੰਨਾ ਲਾਲ ਨੂੰ ਵਾਪਸ ਲਿਆਉਣ ਲਈ ਸਟੇਸ਼ਨ ਵੱਲ ਭੱਜਦਾ ਹੈ। ਉਹ ਉਸ ਨੂੰ ਲੱਭਣ ਦਾ ਹਰ ਯਤਨ ਕਰਦਾ ਹੈ ਅਤੇ ਉਸ ਦੀ ਇੱਛਾ ਹੈ ਕਿ ਉਹ ਪੰਨਾ ਲਾਲ ਲਈ ਇਹ ਨੌਕਰੀ ਨੂੰ ਛੱਡ ਦੇਵੇਗਾ ਤੇ ਕੋਸ਼ਿਸ਼ ਕਰੇਗਾ ਕਿ ਪੰਨਾ ਲਾਲ ਦੀ ਨੌਕਰੀ ਬਹਾਲ ਹੋ ਜਾਵੇ।

ਪਰ ਪੰਨਾ ਲਾਲ ਉਸ ਨੂੰ ਨਹੀਂ ਮਿਲਦਾ। ਉਤਸੁਕਤਾ ਵੱਸ ਉਹ ਪੰਨਾ ਲਾਲ ਦੇ ਘਰ ਜਾਂਦਾ ਹੈ। ਉਥੇ ਉਸ ਨੂੰ ਪਤਾ ਲੱਗਦਾ ਹੈ ਕਿ ਪੰਨਾ ਲਾਲ ਨੇ ਇਸ ਸੰਬੰਧ ਵਿਚ ਘਰ ਵਿਚ ਕੁਝ ਨਹੀਂ ਸੀ ਦੱਸਿਆ।

ਪੰਨਾ ਲਾਲ ਦੀ ਧੀ ਦਾ ਵਿਆਹ ਰੱਖਿਆ ਹੋਇਆ ਹੈ। ਪਰਵਾਰਕ ਹਾਲਾਤ ਜਾਣ ਕੇ ਉਸ ਦਾ ਮਨ ਦੁਖੀ ਹੋ ਜਾਂਦਾ ਹੈ। ਉਹ ਪਛਤਾਵਿਆਂ ਵਿੱਚ ਘਿਰ ਜਾਂਦਾ ਹੈ। ਉਸ ਨੂੰ ਲੱਗਦਾ ਹੈ ਕਿ ਉਸ ਤੋਂ ਬਹੁਤ ਵੱਡਾ ਪਾਪ ਹੋ ਗਿਆ ਹੈ।

ਉਹ ਪੰਨਾ ਲਾਲ ਦੇ ਪਰਵਾਰ ਨੂੰ ਨਹੀਂ ਦੱਸਦਾ ਕਿ ਪੰਨਾ ਲਾਲ ਇਸ ਤਰ੍ਹਾਂ ਬਿਨਾਂ ਦੱਸੇ ਕਿਤੇ ਚਲਾ ਗਿਆ ਹੈ ਤੇ ਉਹ ਫ਼ੈਸਲਾ ਕਰਦਾ ਹੈ ਕਿ ਉਹ ਪਰਵਾਰ ਦੀ ਹਰ ਤਰ੍ਹਾਂ ਨਾਲ ਮਦਦ ਕਰੇਗਾ। ਉਹ ਪੰਨਾ ਲਾਲ ਦੇ ਘਰ ਨੇੜੇ ਹੀ ਇੱਕ ਕਮਰਾ ਲੈ ਕੇ ਕਿਰਾਏ 'ਤੇ ਰਹਿਣ ਲੱਗ ਪੈਂਦਾ ਹੈ। ਉਹ ਪੰਨਾ ਲਾਲ ਦੇ ਪਰਵਾਰ ਨੂੰ ਕਹਿ ਦਿੰਦਾ ਹੈ ਕਿ ਪੰਨਾ ਲਾਲ ਨੂੰ ਸਰਦਾਰ ਜੀ ਨੇ ਕਿਸੇ ਕੰਮ 'ਤੇ ਮੁੰਬਈ ਭੇਜਿਆ ਹੈ, ਉਹ ਵਾਪਸ ਆ ਜਾਣਗੇ।

ਉਹ ਪਰਵਾਰ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਦਾ ਹੈ ਤੇ ਆਪਣੀ ਤਨਖ਼ਾਹ ਹੀ ਇਹ ਕਹਿ ਕੇ ਪੰਨਾ ਲਾਲ ਦੇ ਪਰਵਾਰ ਨੂੰ ਦੇ ਦਿੰਦਾ ਹੈ ਕਿ ਸਰਦਾਰ ਜੀ ਨੇ ਪੰਨਾ ਲਾਲ ਜੀ ਦੀ ਤਨਖ਼ਾਹ ਤੁਹਾਡੇ ਲਈ ਭਿਜਵਾਈ ਹੈ।

ਕੇਦਾਰ ਜਦੋਂ ਪਰਵਾਰ ਨਾਲ ਰਾਬਤਾ ਵਧਾਉਂਦਾ ਹੈ ਤਾਂ ਉਸ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਵੀ ਪਤਾ ਲੱਗਦਾ ਹੈ। ਉਹ ਸਾਰੀਆਂ ਮੁਸ਼ਕਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਫਿਲਮ ਵਿੱਚ ਦਿਖਾਇਆ ਗਿਆ ਹੈ ਕਿ ਕੇਦਾਰ ਵੀਨਾ ਨੂੰ ਇਕਤਰਫ਼ਾ ਮੁਹੱਬਤ ਵੀ ਕਰਨ ਲੱਗਦਾ ਹੈ, ਪਰ ਜਲਦੀ ਹੀ ਉਸ ਨੂੰ ਪਤਾ ਲੱਗਦਾ ਹੈ ਕਿ ਵੀਨਾ ਦੀ ਸਗਾਈ ਹੋ ਚੁੱਕੀ ਹੈ ਤੇ ਸਹੁਰਾ ਪਰਵਾਰ ਜਲਦੀ ਵਿਆਹ ਮੰਗ ਰਿਹਾ ਹੈ ਤਾਂ ਕੇਦਾਰ ਫਰਜ਼ ਨੂੰ ਤਰਜੀਹ ਦਿੰਦਾ ਹੈ ਤੇ ਆਪਣੀ ਮੁਹੱਬਤ ਨੂੰ ਪਾਸੇ ਰੱਖ ਦਿੰਦਾ ਹੈ। ਮਾਂ ਵੀਨਾ ਦੇ ਵਿਆਹ ਨੂੰ ਹਾਮੀ ਤਾਂ ਭਰ ਦਿੰਦੀ ਹੈ, ਪਰ ਉਸ ਨੂੰ ਫਿਕਰ ਹੈ ਕਿ ਪੰਨਾ ਲਾਲ ਹਾਲੇ ਤੱਕ ਵਾਪਸ ਨਹੀਂ ਸੀ ਆਇਆ। ਵਿਆਹ ਵਾਸਤੇ ਲੋੜੀਂਦੀ ਰਾਸ਼ੀ ਦਾ ਇੰਤਜ਼ਾਮ ਕਿਵੇਂ ਹੋਵੇਗਾ, ਪਰ ਇਹ ਮੁਸ਼ਕਲ ਕੇਦਾਰ ਹੱਲ ਕਰ ਦਿੰਦਾ ਹੈ ਤੇ ਉਹ ਇਕ ਵੱਡੀ ਰਾਸ਼ੀ ਵੀਨਾ ਦੀ ਮਾਂ ਨੂੰ ਲਿਆ ਕੇ ਦਿੰਦਾ ਹੈ।

ਇਹ ਵੱਡੀ ਰਾਸ਼ੀ ਉਸ ਨੇ ਦੁਕਾਨ ਤੋਂ ਲਈ ਹੈ, ਜੋ ਕਿ ਸਰਦਾਰ ਜੀ ਨੇ ਉਸ ਨੂੰ ਬੈਂਕ ਵਿੱਚ ਜਮ੍ਹਾਂ ਕਰਾਉਣ ਲਈ ਦਿੱਤੀ ਹੁੰਦੀ ਹੈ....ਵਿਆਹ ਸੁੱਖੀ-ਸਾਂਦੀ ਹੋ ਜਾਂਦਾ ਹੈ, ਪਰ ਉਦੋਂ ਤੱਕ ਸਰਦਾਰ ਅਤਰ ਸਿੰਘ ਨੂੰ ਉਸ ਰਾਸ਼ੀ ਬਾਰੇ ਪਤਾ ਲੱਗ ਜਾਂਦਾ ਹੈ, ਜੋ ਕਿ ਕੇਦਾਰ ਨੇ ਦੁਕਾਨ ਤੋਂ ਚੁੱਕ ਕੇ ਪੰਨਾ ਲਾਲ ਦੇ ਪਰਵਾਰ ਨੂੰ ਦੇ ਦਿੱਤੀ ਸੀ।

ਸਰਦਾਰ ਅਤਰ ਸਿੰਘ ਪੰਨਾ ਲਾਲ ਦੇ ਘਰ ਜਾਂਦੇ ਹਨ ਅਤੇ ਕੇਦਾਰ ਨੂੰ ਲੱਭ ਰਹੇ ਹਨ। ਸਰਦਾਰ ਅਤਰ ਸਿੰਘ ਦੇ ਪੰਨਾ ਲਾਲ ਦੇ ਘਰ ਵਿੱਚ ਆਉਣ ਤੋਂ ਬਾਅਦ ਸਾਰਾ ਭੇਤ ਖੁੱਲ੍ਹ ਜਾਂਦਾ ਹੈ। ਸਰਦਾਰ ਅਤਰ ਸਿੰਘ ਦੱਸਦਾ ਹੈ ਕਿ ਉਸ ਨੇ ਤਾਂ ਕਈ ਮਹੀਨੇ ਪਹਿਲਾਂ ਪੰਨਾ ਲਾਲ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਉਸ ਨੇ ਕਦੇ ਕੋਈ ਪੈਸਾ ਪੰਨਾ ਲਾਲ ਦੇ ਪਰਵਾਰ ਲਈ ਨਹੀਂ ਭੇਜਿਆ।

ਇਸ ਮੌਕੇ ਪੰਨਾ ਲਾਲ ਦੇ ਪਰਵਾਰ ਨੂੰ ਪਤਾ ਲੱਗਦਾ ਹੈ ਕਿ ਕੇਦਾਰ ਆਪਣੀ ਤਨਖ਼ਾਹ ਹੀ ਉਨ੍ਹਾਂ ਨੂੰ ਦੇ ਰਿਹਾ ਸੀ। ਵਿਆਹ ਵਾਸਤੇ ਵੀ ਰਕਮ ਉਸ ਨੇ ਸਰਦਾਰ ਅਤਰ ਸਿੰਘ ਹੁਰਾਂ ਦੀ ਹੀ ਵਰਤੀ ਸੀ। ਅਤਰ ਸਿੰਘ, ਜੋ ਕਿ ਕੇਦਾਰ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਸੋਚ ਰਿਹਾ ਸੀ, ਸਾਰਾ ਭੇਤ ਜਾਣ ਕੇ ਹੈਰਾਨ ਰਹਿ ਜਾਂਦਾ ਹੈ।

ਉਹ ਵੀ ਕੇਦਾਰ ਦੀ ਇਨਸਾਨੀਅਤ ਤੋਂ ਪ੍ਰਭਾਵਤ ਹੁੰਦਾ ਹੈ ਤੇ ਚਾਹੁੰਦਾ ਹੈ ਕਿ ਕੇਦਾਰ ਹੁਣ ਵੀ ਵਾਪਸ ਉਸ ਦੀ ਦੁਕਾਨ 'ਤੇ ਆ ਜਾਵੇ। ਅਤਰ ਸਿੰਘ ਸੋਚ ਰਿਹਾ ਹੈ ਕਿ ਅਜਿਹਾ ਕਾਮਾ ਉਸ ਨੂੰ ਦੁਬਾਰਾ ਕਦੇ ਨਹੀਂ ਮਿਲਣਾ...ਇੱਕ ਚੰਗਾ ਇਨਸਾਨ।

ਪਰ ਕੇਦਾਰ ਉਸ ਨੂੰ ਚਿੱਠੀ ਲਿਖ ਕੇ ਦੱਸ ਦਿੰਦਾ ਹੈ ਕਿ ਉਸ ਨੇ ਪਰਵਾਰ ਦੀ ਖ਼ਾਤਰ ਅਜਿਹਾ ਕੁਝ ਕੀਤਾ ਸੀ ਤੇ ਉਹ ਅਤਰ ਸਿੰਘ ਦੀ ਰਾਸ਼ੀ ਵੀ ਜਲਦੀ ਹੀ ਵਾਪਸ ਕਰ ਦੇਵੇਗਾ,

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

CMYK


10-Dec-Sunday.qxd 12/9/2023 10:25 PM Page 4



# ਸਮਕਾਲੀ ਵਰਤਾਰਿਆਂ ਦਾ ਕਾਵਿ-ਮਈ ਪ੍ਰਵਚਨ

ਕਿਤਾਬ ਦੀ ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)





## ਪੁਲ ਤੇ ਪਾਣੀ

**(ਕਾਵਿ ਸੰਗ੍ਰਹਿ)**
**ਸੁਰਿੰਦਰ ਗਿੱਲ**
**ਪੰਨੇ : 116, ਮੁੱਲ : 175 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਸੁਰਿੰਦਰ ਗਿੱਲ ਪੰਜਾਬੀ ਕਾਵਿ-ਖੇਤਰ ਵਿੱਚ ਜਾਣਿਆ-ਪਛਾਣਿਆ ਅਤੇ ਜ਼ਿਕਰਯੋਗ ਨਾਂਅ ਹੈ। ਉਸ ਦਾ ਪਹਿਲਾ ਕਾਵਿ ਸੰਗ੍ਰਹਿ 'ਸ਼ਗਨ' ਅੱਜ ਤੋਂ 6 ਦਹਾਕੇ ਪਹਿਲਾਂ ਪਾਠਕਾਂ ਸਾਹਮਣੇ ਆਉਂਦਾ ਹੈ। ਉਸ ਤੋਂ ਬਾਅਦ ਉਹ ਲਗਾਤਾਰ ਕਾਵਿਕਾਰੀ ਦੇ ਖੇਤਰ ਵਿੱਚ ਸਰਗਰਮ ਰਹਿੰਦਾ ਹੈ। ਭਾਵੇਂ ਇਹਨਾਂ ਸਮਿਆਂ ਦੌਰਾਨ ਉਸ ਨੂੰ ਚਿੰਬੜੀ ਇੱਕ ਨਾ-ਮੁਰਾਦ ਬਿਮਾਰੀ ਨੇ ਕੁਝ ਸਮਾਂ ਉਸ ਨੂੰ ਕਾਵਿਕਾਰੀ ਦੇ ਖੇਤਰ ਵਿੱਚੋਂ ਗੈਰ ਹਾਜ਼ਰ ਰੱਖਿਆ, ਪਰ ਉਸ ਤੋਂ ਬਾਅਦ ਉਹ ਲਗਾਤਾਰ ਕਵਿਤਾ ਲਿਖਦਾ ਆ ਰਿਹਾ ਹੈ। ਤੇ ਪਾਣੀ ਪੁਲ ਤੋਂ ਪਹਿਲਾਂ ਉਸ ਦੇ 9 ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਸਨ। ਇਹ ਸੰਗ੍ਰਹਿ ਉਸ ਦੀ ਢਲਦੀ ਉਮਰ ਦਾ ਸੰਗ੍ਰਹਿ ਹੈ। ਭਾਵੇਂ ਉਸ ਦੀ ਕਵਿਤਾ ਵਿੱਚ ਸਮਕਾਲੀ ਵਰਤਾਰਿਆਂ ਬਾਰੇ ਉਦਾਸੀਨਤਾ ਦੀ ਝਲਕ ਨਜ਼ਰ ਆਉਂਦੀ ਹੈ, ਪਰ ਇਸ ਉਦਾਸੀਨਤਾ ਵਿੱਚ ਨਾ-ਉਮੀਦੀ ਨਹੀਂ ਹੈ। ਸੁਰਿੰਦਰ ਗਿੱਲ ਆਪਣੀ ਕਾਵਿਕਾਰੀ ਦੇ ਪਹਿਲੇ ਦਿਨਾਂ ਤੋਂ ਹੀ ਰਾਜਨੀਤਕ ਰੰਗ-ਰੂਪ ਵਾਲੀ ਕਵਿਤਾ ਵੱਲ ਰੁਚਿਤ ਰਿਹਾ। ਅਸਲ ਵਿੱਚ ਉਹ ਦੌਰ ਹੀ ਅਜਿਹਾ ਸੀ ਕਿ ਦੇਸ਼ ਦੀ ਆਜ਼ਾਦੀ ਉਪਰੰਤ ਜਿਸ ਤਰ੍ਹਾਂ ਦੇ ਮੁਆਸ਼ਰੇ ਉਸਾਰਨ ਦੀ ਆਸ ਸਾਡੇ ਲੋਕਾਂ ਨੇ ਲਾਈ ਸੀ, ਉਹ ਹੌਲੀ-ਹੌਲੀ ਤਿੜਕਦਾ ਨਜ਼ਰ ਆਉਣ ਲੱਗਾ, ਜਿਸ ਨਾਲ ਬਦਲਵੇਂ ਰਾਜਨੀਤਕ ਅਤੇ ਸਮਾਜਕ ਮਾਡਲ ਸਿਰਜਣ/ਅਪਨਾਉਣ ਵੱਲ ਸੁਚੇਤ ਨੌਜੁਆਨ ਪੀੜ੍ਹੀ ਦੇ ਲੋਕ ਪਿੱਛੇ ਜਾਣ ਲੱਗੇ। ਪੰਜਾਬੀ ਕਵਿਤਾ ਦਾ ਉਹ ਦੌਰ ਪ੍ਰਗਤੀਵਾਦ ਦੇ ਇੱਕ ਵੱਖਰੇ ਮਾਡਲ ਨੂੰ ਅਪਨਾਉਣ ਲੱਗਾ। ਨਕਸਲਬਾੜੀ ਲਹਿਰ ਆਸਰੇ ਉਸਰੀ ਕਵਿਤਾ ਦਾ ਕਾਵਿ-ਪ੍ਰਵਚਨ ਢਾਂਚੇ ਨੂੰ ਮੁੱਢੋਂ-ਸੁੱਢੋਂ ਨਵਾਂ ਉਸਾਰਨ ਲਈ ਲੋਕ ਚੇਤਨਾ ਨੂੰ ਲਾਮਬੰਦ ਕਰਨਾ ਜਾਪਦਾ ਸੀ। ਇਸ ਪਾਸੇ ਉਸ ਕਵਿਤਾ ਵਿੱਚ ਬਹੁਤ ਹੀ ਮਹੱਤਵਪੂਰਨ ਅਤੇ ਜ਼ਿਕਰਯੋਗ ਕੰਮ ਹੋਇਆ। ਉਸ ਸਮੇਂ ਦੇ ਕਵੀ-ਦਰਬਾਰਾਂ ਵਿੱਚ ਕੋਈ ਸ਼ਾਇਰ ਹਰ ਮੋੜ 'ਤੇ ਸਲੀਬਾਂ ਅਤੇ ਹਨੇਰਿਆਂ ਦਾ ਜ਼ਿਕਰ ਕਰਦਾ ਉਸ ਵਿਚਲੀ ਕਰੂਰਤਾ ਦਾ ਅਤੇ ਉਸ ਮਾਡਲ ਨੂੰ ਬਦਲਣ ਦਾ ਹੌਸਲਾ/ਹਿੰਮਤ ਇਕੱਠੀ ਕਰਨ ਦੀ ਗੱਲ ਕਰਦਾ ਸੀ। ਉਸੇ ਹੀ ਸਮੇਂ ਕੋਈ ਕਵੀ ਇਹ ਹਿੰਮਤ ਜੁਟਾਉਣ ਲਈ ਇਤਿਹਾਸ ਵਿੱਚ ਬਾਬਾ ਦੀਪ ਸਿੰਘ, ਗੁਰੂ ਗੋਬਿੰਦ ਸਿੰਘ, ਸ਼ਹੀਦ ਭਗਤ ਸਿੰਘ ਨਾਲ ਸੰਵਾਦ ਰਚਾਉਂਦਾ ਨਜ਼ਰ ਆਉਂਦਾ ਸੀ। ਕੋਈ ਕਵੀ ਆਪਣੀ ਸ਼ਹਾਦਤ/ਕਤਲ ਤੋਂ ਬਾਅਦ ਆਪਣਾ ਕੱਦ ਹੋਰ ਉੱਚਾ ਹੋਣ ਦੀ ਗੱਲ ਕਰਦਾ ਸੀ ਤਾਂ ਉਸੇ ਹੀ ਸਟੇਜ ਤੇ ਸੁਰਿੰਦਰ ਗਿੱਲ ਵੀ ਚਾਨਣ ਦਾ ਛੱਟਾ ਦੇਣ ਦਾ ਹੋਕਾ ਦਿੰਦਾ ਨਜ਼ਰ ਆਉਂਦਾ ਸੀ। ਇਸ ਗੀਤ ਨੂੰ ਉਸ ਸਮੇਂ ਦੇ ਨੌਜੁਆਨ ਸੁਰਿੰਦਰ ਗਿੱਲ ਦੀ ਤਰੰਨਮੀ ਆਵਾਜ਼ ਵਿੱਚ ਜਿਸ ਨੇ ਵੀ ਸੁਣਿਆ ਉਹ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿੰਦਾ। ਇਹ ਕਾਵਿ-ਸੁਰ ਸੁਰਿੰਦਰ ਗਿੱਲ ਦੀ ਕਾਵਿ-ਕਾਰੀ ਵਿੱਚ ਅੱਜ ਵੀ ਨਜ਼ਰ ਆਵੇਗੀ। ਇਸ ਸੰਗ੍ਰਹਿ ਦੀ 'ਸੱਦਾ' ਕਵਿਤਾ ਫਿਰ ਘਰਾਂ ਦੇ ਵਿਹੜੇ ਵਿੱਚ ਚਾਨਣ ਕਰਨ ਲਈ ਕਲਮਕਾਰਾਂ ਨੂੰ ਸ਼ੋਹਰਤ ਤੇ ਪ੍ਰਸਿੱਧੀ ਦੀ ਮਸਤੀ ਵਿੱਚੋਂ ਬਾਹਰ ਆ ਕੇ ਜ਼ਮੀਨੀ ਹਕੀਕਤ ਨਾਲ ਜੁੜ ਕੇ ਅਸਲੀ ਅਰਥਾਂ ਵਿੱਚ ਅਮਲੀ ਕੰਮ ਕਰਨ ਦਾ ਹੋਕਾ ਦਿੰਦੀ ਨਜ਼ਰ ਆਉਂਦੀ ਹੈ :

'...ਜਿਉਂਦੇ ਜਾਗਦੇ ਕਿਸੇ ਗੀਤ ਦੀ
ਜੂਨ ਹੰਢਾਈਏ
ਜਿਉਂਦਾ ਜਾਗਦਾ ਅਤੇ ਧੜਕਦਾ
ਗੀਤ ਬਣਨ ਦੀ ਹਿੰਮਤ ਕਰੀਏ
ਨੇੜ੍ਹੇ ਘਰਾਂ ਦੇ ਵਿਹੜੇ
ਕੋਈ ਚੌਮੁਖੀਆ ਦੀਪਕ
ਧਰੀਏ...'

ਸੁਰਿੰਦਰ ਗਿੱਲ ਦਾ ਝੁਕਾਅ ਮੁੱਢ ਤੋਂ ਹੀ ਰਾਜਨੀਤਕ ਰੰਗ ਦੀ ਕਵਿਤਾ ਵੱਲ ਰਿਹਾ ਹੈ ਅਤੇ ਅੱਜ ਵੀ ਹੈ। ਇਹ ਪ੍ਰਭਾਵ ਅਧੀਨ ਹੀ ਉਸ ਦੀ ਪੁਸਤਕ 'ਰਾਜਨੀਤਕ ਪੰਜਾਬੀ ਕਵਿਤਾ' ਹੋਂਦ ਵਿੱਚ ਆਉਂਦੀ ਹੈ, ਜਿਸ ਵਿੱਚ ਉਹ ਤੱਥਾਂ ਤੱਕ ਪਹੁੰਚਣ ਲਈ ਇਤਿਹਾਸਕ ਹਵਾਲਿਆਂ ਦੀ ਤਹਿ ਤੱਕ ਪਹੁੰਚਦਾ ਹੈ। ਸਰਕਾਰਾਂ ਵੱਲੋਂ ਸਮੇਂ-ਸਮੇਂ 'ਤੇ ਜ਼ਬਤ ਕੀਤੀ ਕਵਿਤਾ ਤੱਕ ਵੀ ਉਹ ਪਹੁੰਚਿਆ ਹੈ ਅਤੇ ਉਸ ਦਾ ਸਹੀ ਮੁਲੰਕਣ ਕਰਨ ਦਾ ਉਪਰਾਲਾ ਵੀ ਕੀਤਾ ਹੈ। ਸ਼ਾਇਦ ਇਸੇ ਕਰਕੇ ਹੀ ਉਸ ਦੀ ਕਵਿਤਾ ਦੀ ਪ੍ਰਧਾਨ ਸੁਰ ਅੱਜ ਵੀ ਸਮਾਜ ਵਿਚਲੀ ਰਾਜਨੀਤੀ ਨਾਲ ਹੋਏ ਵਿਗਾੜ ਦੀ ਪੇਸ਼ਕਾਰੀ ਰਹੀ ਹੈ।

ਸਮਾਜ ਵਿਚਲੀ ਨਵੀਂ ਪਸਰ ਰਹੀ ਚੇਤਨਾ ਨੇ ਪਿੰਡ 'ਇਕਾਈ ਅਤੇ ਵਰਤਾਰਾ' ਦੇ ਅਰਥ ਹੀ ਬਦਲ ਦਿੱਤੇ ਹਨ। ਕੋਈ ਪਿੰਡ ਖਾਸ ਤੋਂ ਆਮ ਸਾਧਾਰਨ ਪਿੰਡ ਕਿਵੇਂ ਬਣ ਰਿਹਾ ਹੈ ਦਾ ਜ਼ਿਕਰ ਉਹ ਇੱਕ ਨਿਵੇਕਲੇ ਜ਼ਾਵੀਏ ਤੋਂ ਕਰਦਾ ਹੈ। ਓਪਰੀ ਨਜ਼ਰੇਂ ਦੇਖਿਆਂ ਭਾਵੇਂ ਉਸ ਦੀ ਕਵਿਤਾ 'ਹੁਣ ਉਹ ਪਿੰਡ' ਨਿੱਜੀ ਅਤੇ ਵਿਅਕਤੀਗਤ ਵਰਤਾਰੇ ਦਾ ਮਸਲਾ ਲੱਗਦਾ ਹੈ, ਪਰ ਜ਼ਮੀਨਾਂ ਦੇ ਵਰਤਾਰੇ ਨਾਲ ਜੁੜੀ ਰਹਿਤ ਵਿੱਚ ਅੰਨ੍ਹੇਵਾਹ ਅਤੇ ਧੜਾਧੜ ਜੋ ਵਾਪਰ ਰਿਹਾ ਹੈ, ਉਹ ਨਵੇਂ-ਨਵੇਂ ਸਮਾਜਿਕ ਸੰਕਟਾਂ ਨੂੰ ਜਨਮ ਦੇ ਰਿਹਾ ਹੈ। ਇਸ ਸੰਕਟਮਈ ਵਰਤਾਰੇ ਦਾ ਅਹਿਸਾਸ ਕਰਨ ਵਿੱਚ ਪੰਜਾਬੀਆਂ ਨੇ ਭਾਵੇਂ ਕਾਫੀ ਦੇਰ ਕਰ ਲਈ ਸੀ, ਪਰ ਪਿਛਲੇ ਸਮੇਂ ਕਿਸਾਨੀ ਸੰਘਰਸ਼ ਵਿੱਚ ਇਹ ਅਹਿਸਾਸ ਉਭਰਵੇਂ ਰੂਪ ਵਿੱਚ ਸਾਹਮਣੇ ਆਉਂਦਾ ਹੈ ਕਿ ਪੰਜਾਬੀ ਮਾਨਵ ਦੀ ਹੋਂਦ ਬਚਾਉਣ ਲਈ ਇਸ ਪਾਸੇ ਹੋਰ ਜ਼ਿਕਰਯੋਗ ਕੰਮ ਕਰਨ ਦੀ ਲੋੜ ਹੈ। ਸੁਰਿੰਦਰ ਗਿੱਲ ਦੀ ਕਵਿਤਾ ਇਸ ਅਹਿਸਾਸ ਨੂੰ ਅੱਗੇ ਤੋਰਦੀ ਹੈ, ਜਿਸ ਨੂੰ 'ਪਰਾਲੀ ਦਾ ਧੂੰਆਂ', 'ਮੱਸਾ ਰੰਘੜ', 'ਜ਼ਫਰਨਾਮਾ' ਅਤੇ 'ਤੂੰ ਸਾਡਾ ਨਹੀਂ' ਵਿੱਚ ਭਲੀਭਾਂਤ ਦੇਖਿਆ ਜਾ ਸਕਦਾ ਹੈ। ਆਪਣੀ ਜ਼ਮੀਨ ਬਚਾਉਣ ਦਾ ਮਸਲਾ ਹੀ ਅਸਲ ਵਿੱਚ ਆਪਣੀ ਜ਼ਮੀਰ ਅਤੇ ਹੋਂਦ ਬਚਾਉਣ ਦੇ ਮਸਲੇ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿੱਚੋਂ ਉੱਠਿਆ ਅਤੇ ਸਮੁੱਚੇ ਭਾਰਤ ਵਿੱਚ ਫੈਲਿਆ ਅੰਦੋਲਨ ਨਾ ਤਾਂ ਪਹਿਲਾ ਸੀ ਅਤੇ ਨਾ ਹੀ ਆਖਰੀ। ਇੱਕ ਸਦੀ ਤੋਂ ਵੱਧ ਸਮਾਂ ਪਹਿਲਾਂ ਉਦੋਂ ਦੀ ਵਿਦੇਸ਼ੀ ਸਰਕਾਰ ਵੀ ਕਿਸਾਨੀ ਦੀ ਹੋਂਦ ਖਤਮ ਕਰਨ ਲਈ ਅਜਿਹੇ ਯਤਨ ਕਰਦੀ ਹੈ ਜਿਵੇਂ ਵਿਦੇਸ਼ੀ ਸਰਕਾਰ ਦੀ ਸੋਚ ਨੂੰ ਅੱਗੇ ਤੋਰਦੇ ਦੇਸੀ ਹਾਕਮਾਂ ਦੀ ਸਰਕਾਰ ਵੀ ਅੰਤਰ-ਰਾਸ਼ਟਰੀ ਪੱਧਰ 'ਤੇ ਵਿਚਰ ਰਹੀ ਇੱਕ ਤਕੜੀ ਧਿਰ ਦੇ ਹਿੱਤਾਂ ਨੂੰ ਪਾਲਦੀ ਹੋਈ ਅਜਿਹੇ ਕਾਨੂੰਨ ਲੈ ਕੇ ਆਉਂਦੀ ਹੈ, ਜਿਸ ਨਾਲ ਕਿਸਾਨੀ ਨਾਲ ਜੁੜੀਆਂ ਧਿਰਾਂ ਨੂੰ ਆਪਣੀ ਹੋਂਦ ਖਤਰੇ ਵਿੱਚ ਦਿਸਦੀ ਹੈ ਤਾਂ ਉਹ ਲੜਦੇ ਹਨ, ਉਹਨਾ ਦਾ ਰਾਹ-ਦਸੇਰਾ ਕਦੇ ਬਾਬਾ ਦੀਪ ਸਿੰਘ ਬਣਦਾ, ਕਦੇ ਦੁੱਲਾ ਭੱਟੀ, ਕਦੇ ਉਹ ਗੁਰੂ ਗੋਬਿੰਦ ਸਿੰਘ ਵੱਲੋਂ ਜ਼ਾਲਮ ਔਰੰਗਜ਼ੇਬ ਨੂੰ ਲਿਖੀ ਚਿੱਠੀ (ਜ਼ਫਰਨਾਮਾ) ਨੂੰ ਆਪਣਾ ਆਦਰਸ਼ ਮੰਨ ਕੇ ਅੱਗੇ ਵਧਦੇ ਹਨ। ਸੁਰਿੰਦਰ ਗਿੱਲ ਦੀ ਕਵਿਤਾ ਇਸ ਸੰਘਰਸ਼ ਦੇ ਨਾਲ ਤੁਰਦਿਆਂ ਸ਼ਬਦਾਂ ਅਤੇ ਦਲੀਲ ਦੇ ਹਥਿਆਰਾਂ ਨਾਲ ਉਸ ਲੜਾਈ ਵਿੱਚ ਸ਼ਾਮਲ ਹੁੰਦਾ ਹੈ, ਕਿਉਂ ਜੋ ਉਸ ਦੀ ਪਸੰਦ ਰਾਜਨੀਤਕ ਸੁਰ ਵਾਲੀ ਕਵਿਤਾ ਹੈ। ਇਸ ਕਰਕੇ ਉਸ ਦਾ ਕਾਵਿ-ਜਲੌਅ ਇੱਥੇ ਪੂਰਨ ਰੂਪ ਵਿੱਚ ਪੇਸ਼ ਹੁੰਦਾ ਨਜ਼ਰ ਆਉਂਦਾ ਹੈ।

'ਅੰਨ੍ਹੇ, ਬੋਲੇ, ਦੋਖੀ ਤੇ ਸ਼ੈਤਾਨ ਹਾਕਮੋਂ!
ਸੰਭਲ ਜਾਵੋ ਜ਼ੁਲਮ ਨਾ ਕਰੋ...
ਜਨ ਸਾਧਾਰਨ ਅੰਦਰ ਧੁਖਦੀ ਰੋਹ
ਦੀ ਜਵਾਲਾ
ਭੜਕ ਪਈ ਤਾਂ
ਦਿੱਲੀ ਤਖਤ ਦੇ ਉੱਚੇ ਕਿੰਗਰੇ
ਢਹਿ ਜਾਵਣਗੇ।'

ਇਹ ਕਵਿਤਾ ਪੜ੍ਹਦਿਆਂ ਪਾਠਕ ਨੂੰ ਉਸ 'ਵੰਗਾਰ' ਦਾ ਅਹਿਸਾਸ ਹੁੰਦਾ ਹੈ, ਜੋ ਬਾਗੀ ਨਾਇਕ 'ਦੁੱਲਾ ਭੱਟੀ' ਨੇ ਆਪਣੇ ਸਮੇਂ ਦੇ ਹਾਕਮ ਅਕਬਰ ਸਾਹਮਣੇ ਰੱਖੀ ਸੀ ਅਤੇ ਦੁੱਲਾ ਆਪਣੀ ਪੀੜ੍ਹੀ ਦੇ ਵਡੇਰਿਆਂ ਵਾਲਾ ਹਾਕਮ ਦੀ ਈਨ ਨਹੀਂ ਮੰਨਦਾ, ਸਗੋਂ ਇੱਕ ਪਾਸੇ ਯੋਧੇ ਵਾਂਗ ਸ਼ਹਾਦਤ ਪ੍ਰਾਪਤ ਕਰਦਾ ਹੈ। ਆਪਣੀ ਅਤੇ ਆਪਣੇ ਲੋਕਾਂ ਦੀ ਹੋਂਦ ਬਚਾਉਣ ਲਈ ਅਜਿਹੇ ਕਈ ਸੰਘਰਸ਼ਾਂ ਦਾ ਪੰਜਾਬ ਦਾ ਇਤਿਹਾਸ ਗਵਾਹ ਬਣਿਆ ਹੈ। ਅਜਿਹੀ ਹੀ ਇੱਕ ਘਟਨਾ ਮੱਸੇ ਰੰਗੜ ਨਾਲ ਜੁੜੀ ਹੋਈ ਹੈ ,ਜਦੋਂ ਉਹ ਪੰਜਾਬੀਆਂ ਦੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਤਹਿਸ-ਨਹਿਸ ਕਰਨ ਦਾ ਯਤਨ ਕਰਦਾ ਹੈ ਤਾਂ ਪੰਜਾਬੀ ਯੋਧਿਆਂ ਹੱਥੋਂ ਮਾਰਿਆ ਜਾਂਦਾ ਹੈ। ਅਜੋਕੇ ਯੁੱਗ ਦੇ ਮੱਸੇ ਰੰਘੜ ਦੀ ਗੱਲ ਕਰਦਿਆਂ ਸੁਰਿੰਦਰ ਗਿੱਲ ਕਹਿੰਦਾ ਹੈ :

'ਦੇਸ਼ ਵਾਸੀਓ! ਧਰਤੀ ਪੁੱਤਰੋ
ਕਿਰਤੀਓ ਅਤੇ ਕਿਸਾਨ ਮਿਤਰੋ
ਸੁਣੋ! ਸੁਣੋ! ਕੀ ਹੋਇਆ
ਭਾਰਤ ਰੂਪੀ ਲੋਕ ਰਾਜ ਦੇ ਹਰਿਮੰਦਰ ਵਿੱਚ
ਮੱਸਾ ਰੰਘੜ ਆ ਬੈਠਾ ਹੈ।'

ਕਵੀ ਅਜੋਕੇ ਹਾਕਮ ਨੂੰ ਔਰੰਗਜ਼ੇਬ, ਅਕਬਰ, ਮੱਸਾ ਰੰਘੜ, ਅੰਗਰੇਜ਼ੀ ਹਾਕਮਾਂ ਦੇ ਉਤਰਾਧਿਕਾਰੀ ਹੀ ਸਮਝਦਾ ਹੈ, ਜਿਸ ਕਰਕੇ ਇਹਨਾਂ ਨਾਲ ਸਿੱਝਣ ਲਈ ਇਤਿਹਾਸ ਅਤੇ ਇਤਿਹਾਸ ਵਿੱਚ ਲਿਖੀ ਉਸ ਇਬਾਰਤ ਨੂੰ ਪੜ੍ਹਨ ਅਤੇ ਸਮਝਣ ਦੀ ਸਲਾਹ ਉਹ ਸੰਘਰਸ਼ ਕਰ ਰਹੀਆਂ ਧਿਰਾਂ ਨੂੰ ਦਿੰਦਾ ਨਜ਼ਰ ਆਉਂਦਾ ਹੈ। ਇਸੇ ਕਰਕੇ ਹੀ 'ਜ਼ਫਰਨਾਮਾ' ਵਿੱਚ ਗੁਰੂ ਸਾਹਿਬ ਦੇ 'ਜ਼ਫਰਨਾਮਾ' ਨੂੰ ਪੜ੍ਹਨ ਦੀ ਗੱਲ ਕਰਦਾ ਹੈ ਅਤੇ ਨਾਲ ਹੀ '...ਅਤਿ ਹੀ ਰਨ ਮੈਂ ਤਬ ਜੂਝ ਮਰੋ' ਦਾ ਪਾਠ ਵੀ ਯਾਦ ਕਰਾਉਂਦਾ ਹੈ। ਇਹ ਅਤੇ ਅਜਿਹੀਆਂ ਹੋਰ ਕਵਿਤਾਵਾਂ ਸੁਰਿੰਦਰ ਗਿੱਲ ਕਾਵਿ ਨੂੰ ਉਸ ਦੇ ਪਹਿਲੇ ਦੌਰ ਦੀ ਕਾਵਿਕਾਰੀ ਨਾਲ ਜੋੜਦੀਆਂ ਨਜ਼ਰ ਆਉਂਦੀਆਂ ਹਨ। ਛੇ ਦਹਾਕਿਆਂ ਤੱਕ ਸ਼ਬਦਾਂ ਦੀ ਧਾਰ ਨੂੰ ਏਡਾ ਤਿੱਖਾ ਰੱਖਣਾ ਹਰ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਹੁੰਦੀ।

ਸਾਡੇ ਅਜੋਕੇ ਵਰਤਾਰੇ ਵਿੱਚ ਸੋਸ਼ਲ ਮੀਡੀਆ ਦੇ ਪ੍ਰਭਾਵ ਕਾਰਨ ਜਾਂ ਜੀਵਨ ਸੋਚ ਅਤੇ ਜੀਵਨ ਸ਼ੈਲੀ ਵਿੱਚ ਆਏ ਤੀਬਰ ਬਦਲਾਵ ਕਾਰਨ ਸਾਹਿਤ ਸਿਰਜਣਾ ਨਾਲ ਜੁੜੇ ਲੋਕਾਂ ਦੀ ਵੱਡੀ ਗਿਣਤੀ ਸਿਰਜਣਾਤਮਕ ਅਮਲ ਦੇ ਨਾਲ-ਨਾਲ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਨਾਲ ਵੀ ਸਰਗਰਮੀ ਨਾਲ ਜੁੜੇ ਨਜ਼ਰ ਆਉਂਦੇ ਹਨ। ਕੋਈ ਕਵੀ ਸਾਲ ਦੇ ਸ਼ੁਰੂ ਵਿੱਚ ਆਪਣਾ ਕਾਵਿ ਸੰਗ੍ਰਹਿ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰਦਾ ਹੈ ਅਤੇ ਕੁਝ ਮਹੀਨਿਆਂ ਬਾਅਦ ਹੀ ਅੱਠ ਦਸ 'ਵਿਦਵਾਨਾਂ' ਵੱਲੋਂ ਉਸ ਬਾਰੇ ਅਤੇ ਉਸ ਦੀ ਕਵਿਤਾ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਪਾਠਕਾਂ ਨੂੰ ਉਸ ਕਵੀ ਦੀ ਕਾਵਿਕਾਰੀ ਬਾਰੇ ਸਮਝਾ ਰਿਹਾ ਹੁੰਦਾ ਹੈ। ਇਸ ਸਾਰੇ ਕਾਰਜ ਵਿੱਚ ਸੰਬੰਧਤ ਕਲਮਕਾਰ ਬਿਨਾਂ ਕਿਸੇ ਸੰਗ-ਸੰਕੋਚ ਦੇ ਇਸ ਗੱਲ ਦਾ ਪ੍ਰਚਾਰ-ਪ੍ਰਸਾਰ ਕਰਦਾ ਜਦੋਂ ਨਜ਼ਰ ਆਵੇ ਤਾਂ ਸਹੀ ਲੇਖਕ ਅਤੇ ਸਹੀ ਪਾਠਕ ਦੀ ਕੀ ਦਸ਼ਾ ਹੁੰਦੀ ਹੋਵੇਗੀ। ਉਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸੁਰਿੰਦਰ ਗਿੱਲ 'ਵਿਮੋਚਨ' ਅਤੇ 'ਮਨ ਮਮਟੀ' ਕਵਿਤਾਵਾਂ ਵਿੱਚ ਇਸ ਵਰਤਾਰੇ ਨਾਲ ਜੁੜੇ ਕਲਮਕਾਰਾਂ 'ਤੇ ਵਿਅੰਗ ਕਰਦਾ ਨਜ਼ਰ ਆਉਂਦਾ ਹੈ। ਉਹ ਕੇਵਲ ਸਾਧਾਰਨ ਕਵੀ ਵੱਲ ਹੀ ਸੇਧਿਤ ਨਹੀਂ ਹੁੰਦਾ, ਸਗੋਂ ਆਲੋਚਕ ਬਣਨ ਦੀ ਇੱਛਾ ਨਾਲ ਤੜਪਦੇ ਵਿਦਵਾਨ 'ਤੇ ਵੀ ਵਿਅੰਗ ਕੱਸਦਾ ਹੈ। ਇੱਕ ਹੋਰ ਕਵਿਤਾ ਵਿੱਚ ਉਹ ਅਜਿਹੇ ਰੋਗ ਨਾਲ ਗ੍ਰੱਸੇ ਲੋਕਾਂ ਨੂੰ ਇਹ ਸਲਾਹ ਵੀ ਦਿੰਦਾ ਹੈ :

'ਹੁਣ ਤਾਂ ਮਿੱਤਰੋ! ਚਾਨਣ ਵੱਲ ਮੁੱਖ ਕਰੀਏ
ਸਵੈ ਪੜਚੋਲ 'ਤੇ ਚਿੰਤਨ ਕਰੀਏ
ਮੁੱਖ ਮੁੱਦੇ 'ਤੇ ਉਂਗਲ ਧਰੀਏ
ਫੋਕੇ ਦਾਅਵੇ ਕਰਨੇ ਛੱਡੀਏ...'

ਇਸ ਸੰਗ੍ਰਹਿ ਦੇ ਨਾਮ ਵਾਲੀ ਕਵਿਤਾ 'ਪੁਲ ਤੇ ਪਾਣੀ' ਜੋ ਕਿਤਾਬ ਦੇ ਬੈਕ ਪੰਨੇ 'ਤੇ ਵੀ ਦੁਬਾਰਾ ਹਾਜ਼ਰੀ ਭਰਦੀ ਹੈ, ਪੜ੍ਹ ਕੇ ਇਹ ਪ੍ਰਭਾਵ ਬਣਦਾ ਹੈ ਕਿ ਵਰਤਮਾਨ, ਪੁਰਾਤਨ ਨੂੰ ਰੱਦ ਕਰਦਾ ਹੈ। ਅਜਿਹਾ ਪ੍ਰਭਾਵ ਉਸ ਦੇ ਇਸ ਸੰਗ੍ਰਹਿ ਵਿੱਚ ਹੋਰ ਵੀ ਕੁਝ ਕਵਿਤਾਵਾਂ ਸਿਰਜਦੀਆਂ ਨਜ਼ਰ ਆਉਂਦੀਆਂ ਹਨ, ਜਿੱਥੇ ਉਹ ਆਪਣੀਆਂ ਸੁਨਹਿਰੀਆਂ ਅਤੇ ਰੰਗੀਨ ਯਾਦਾਂ ਦੀ ਪੁਨਰ ਸਿਰਜਣਾ ਕਰਨ ਦਾ ਇੱਛੁਕ ਨਜ਼ਰ ਆਉਂਦਾ ਹੈ। ਜ਼ਿੰਦਗੀ ਦੇ ਅੱਠ ਦਹਾਕੇ ਦੀਆਂ ਬਹਾਰਾਂ, ਪੱਤਝੜਾਂ ਮਾਣ ਚੁੱਕਾ ਵਿਅਕਤੀ ਜੀਵਨ ਦੇ ਉਸ ਮੁਹਾਣ 'ਤੇ ਖੜਾ ਨਜ਼ਰ ਆਉਂਦਾ ਹੈ, ਜਿੱਥੇ ਖੜ ਕੇ ਉਹ ਆਪਣੇ ਬੀਤੇ 'ਤੇ ਝਾਤ ਮਾਰਦਾ-ਮਾਰਦਾ ਕਈ ਵਾਰ ਅਜਿਹਾ ਪ੍ਰਭਾਵ ਸਿਰਜਦਾ ਨਜ਼ਰ ਆਉਂਦਾ ਹੈ ਕਿ ਉਹ ਹੋਏ-ਬੀਤੇ ਤੋਂ ਪੂਰਨ ਰੂਪ ਵਿੱਚ ਸੰਤੁਸ਼ਟ ਨਹੀਂ ਹੁੰਦਾ। ਨਵਾਂ ਪਾਣੀ ਪੁਰਾਣੇ ਪੁਲ ਨੂੰ ਸਵੀਕਾਰ ਵੀ ਨਹੀਂ ਕਰਦਾ ਅਤੇ ਰੱਦ ਵੀ ਕਰਦਾ ਨਜ਼ਰ ਆਉਂਦਾ ਹੈ। ਸੁਰਿੰਦਰ ਗਿੱਲ ਦੀ ਇਹ ਦਸਵੀਂ ਕਾਵਿ ਪੁਸਤਕ ਸਮਕਾਲੀ ਕਵਿਤਾ ਵਿੱਚ ਕੁਝ ਵਿਲੱਖਣਤਾ ਲਿਆਵੇਗੀ, ਅਜਿਹੀ ਉਮੀਦ ਹੈ।

**ਸੰਪਰਕ : 98721-73475**

---

# ਜੀਵਨ-ਜਾਚ ਤੈਅ ਕਰਨ ਦੀ ਗੱਲ ਕਰਦੀ ਪੁਸਤਕ

ਗੁਰਮੀਤ ਸਿੰਘ ਸਰਾਂ

## ਆਪਣੇ-ਆਪਣੇ ਬਾਰੇ ਆਪਣੀ ਸੋਚ ਬਦਲੋ ਅਤੇ ਮਨ ਚਾਹਿਆ ਜੀਵਨ ਪ੍ਰਾਪਤ ਕਰੋ

**ਗੁਰਚਰਨਜੀਤ ਸਿੰਘ**
**ਮੁੱਲ : 280 ਰੁਪਏ, ਸੰਨ : 2023, ਪੰਨੇ : 150**
**ਗੋਰਕੀ ਪ੍ਰਕਾਸ਼ਨ, ਲੁਧਿਆਣਾ**

ਗੁਰਚਰਨਜੀਤ ਸਿੰਘ ਦੀ ਪਲੇਠੀ ਪੁਸਤਕ 'ਆਪਣੇ-ਆਪਣੇ ਬਾਰੇ ਆਪਣੀ ਸੋਚ ਬਦਲੋ ਅਤੇ ਮਨ ਚਾਹਿਆ ਜੀਵਨ ਪ੍ਰਾਪਤ ਕਰੋ' ਦੇ 7 ਭਾਗਾਂ ਵਿੱਚ ਕੁਝ 17 ਅਧਿਆਏ ਹਨ। ਉਸ ਦੇ ਪੁਸਤਕ ਲਿਖਣ ਦਾ ਮਕਸਦ ਹੈ ਕਿ ਹਰ ਮਨੁੱਖ ਨੂੰ ਸਫਲਤਾ ਦੇ ਨਿਯਮਾਂ ਨੂੰ ਸਿੱਖ ਕੇ ਆਪਣੇ ਜ਼ਿੰਦਗੀ ਦੇ ਸੁਪਨਿਆਂ ਦੀ ਪ੍ਰਾਪਤੀ ਕਰਨਾ ਹੈ। ਇਹ ਤਦ ਹੀ ਸੰਭਵ ਹੈ, ਜੇਕਰ ਮਨੁੱਖ ਆਪਣੇ-ਆਪ ਨੂੰ ਬਦਲ ਲੈਂਦਾ ਹੈ।

ਲੇਖਕ ਗੁਰਚਰਨਜੀਤ ਸਿੰਘ ਨੇ ਇਹ ਹੱਥਲੀ ਪੁਸਤਕ ਆਪਣੇ ਸਵੈ-ਅਨੁਭਵਾਂ ਵਿੱਚੋਂ ਲਿਖੀ ਹੈ। ਉਸ ਨੇ ਭਾਗ ਪਹਿਲਾ (ਕਾਮਯਾਬੀ ਦੇ ਗੁੱਝੇ ਭੇਦ) ਦੇ ਕੁਝ ਅਨਮੁੱਲੇ ਤੱਥ ਅਤੇ ਤੁਹਾਡੀਆਂ ਅਸੀਮ ਤਾਕਤਾਂ ਵਿੱਚ ਲਿਖਿਆ ਹੈ ਕਿ ਹਰੇਕ ਵਿਅਕਤੀ ਵਿਲੱਖਣ ਗੁਣਾਂ ਦਾ ਮਾਲਕ ਹੁੰਦਾ ਹੈ। ਹਰੇਕ ਮਨੁੱਖ ਨੂੰ ਖੁਸ਼ਹਾਲੀ ਅਤੇ ਕਾਮਯਾਬੀ ਉਸ ਦੀ ਉਸਾਰੂ ਸੋਚ ਕਰਕੇ ਹੀ ਮਿਲਦੀ ਹੈ। ਮਨੁੱਖ ਦੀ ਸਫਲਤਾ ਉਸ ਦੇ ਸਵੈ-ਸਵੀਕਾਰਤਾ, ਸਵੈ-ਮਾਣ-ਸਤਿਕਾਰ, ਆਪਣੇ 'ਤੇ ਭਰੋਸਾ, ਸਵੈ-ਚਿਤਰਨ ਆਦਿ ਕਰਕੇ ਹੁੰਦੀ ਹੈ। ਹਰੇਕ ਇਨਸਾਨ ਦੀ ਕੀਮਤ ਕੁਝ ਰੁਪਏ ਜਾਂ ਫਿਰ ਬੇਹੱਦ ਕੀਮਤੀ ਅਤੇ ਅਣਮੋਲ ਵੀ ਹੋ ਸਕਦੀ ਹੈ। ਹਰ ਮਨੁੱਖ ਆਪਣੇ ਵਿੱਚ ਅਸੀਮ ਤਾਕਤਾਂ 'ਤੇ ਭਰੋਸਾ ਕਰਕੇ ਜੀਵਨ ਦੇ ਹਰ ਖੇਤਰ ਵਿੱਚ ਸਫਲ ਹੋ ਸਕਦਾ ਹੈ। ਭਾਗ ਦੂਜਾ (ਆਪਣੇ ਆਪ ਦੀ ਪਹਿਚਾਣ) ਦੇ ਤੁਹਾਡੀ ਅੱਜ ਦੀ ਜ਼ਿੰਦਗੀ, ਦਿਮਾਗੀ ਮਨ ਤੇ ਆਦਤਾਂ, ਆਪਣੀਆਂ ਆਦਤਾਂ ਦੀ ਪਹਿਚਾਣ ਕਰੋ ਅਤੇ ਆਪਣੇ ਆਪ ਨਾਲ ਗੱਲਾਂ ਵਿੱਚ ਲਿਖਿਆ ਹੈ ਕਿ ਮਨੁੱਖ ਦੀ ਆਪਣੇ ਆਪ ਬਾਰੇ ਪਹਿਚਾਣ ਜ਼ਰੂਰੀ ਹੈ। ਮਨੁੱਖ ਦੇ ਦਿਮਾਗ ਵਿੱਚ ਆਪਣੀ ਜਿੱਤ ਦਾ ਅਹਿਸਾਸ ਪਹਿਲੇ ਦਿਨ ਹੀ ਹੋ ਜਾਣਾ ਚਾਹੀਦਾ ਹੈ। ਮਨੁੱਖ ਨੂੰ ਆਪਣੀਆਂ ਆਦਤਾਂ ਪ੍ਰਤੀ ਪੂਰਨ ਸੁਚੇਤ ਹੋਣਾ ਚਾਹੀਦਾ ਹੈ। ਉਸ ਨੂੰ ਚੇਤਨ ਮਨ, ਅਵਚੇਤਨ ਮਨ, ਬੇਸੁਰਤ ਮਨ ਦੀਆਂ ਸ਼ਕਤੀਆਂ ਤੋਂ ਜਾਣੂ ਹੋਣਾ ਅਤਿ ਜ਼ਰੂਰੀ ਹੈ। ਉਸ ਨੂੰ ਸਭ ਪ੍ਰਕਾਰ ਦੀਆਂ ਬੁਰੀਆਂ ਆਦਤਾਂ ਨੂੰ ਸਦਾ ਲਈ ਤਿਲਾਂਜਲੀ ਦੇਣੀ ਚਾਹੀਦੀ ਹੈ। ਉਸ ਨੂੰ ਰੋਜ਼ਾਨਾ ਆਪਣੇ-ਆਪ ਨਾਲ ਗੱਲਾਂ ਕਰਨ ਦੀ ਲੋੜ ਹੁੰਦੀ ਹੈ। ਉਹ ਆਪਣੇ ਮਨ ਦੀਆਂ ਨਾਕਾਰਾਤਮਕ ਸੋਚਾਂ ਨੂੰ ਸਾਕਾਰਾਤਮਕ ਗੱਲਾਂ ਵਿੱਚ ਬਦਲ ਕੇ ਹੀ ਆਪਣੇ ਲਕਸ਼ ਵਿੱਚ ਸਫਲ ਹੋ ਸਕਦਾ ਹੈ। ਉਸ ਦੇ ਚੰਗੇ ਵਿਹਾਰ, ਚੰਗੇ ਸ਼ਬਦ ਬਣਦੇ ਹਨ, ਚੰਗੇ ਸ਼ਬਦ ਚੰਗੇ ਵਿਵਹਾਰ ਬਣਦੇ ਹਨ, ਚੰਗੇ ਵਿਵਹਾਰ ਹੀ ਚੰਗੀਆਂ ਆਦਤਾਂ ਬਣਦੀਆਂ ਹਨ, ਚੰਗੀਆਂ ਆਦਤਾਂ ਹੀ ਚੰਗੀਆਂ ਕਦਰਾਂ-ਕੀਮਤਾਂ ਬਣ ਜਾਂਦੀਆਂ ਹਨ ਅਤੇ ਚੰਗੀਆਂ ਕਦਰਾਂ-ਕੀਮਤਾਂ ਹੀ ਮਨੁੱਖ ਦੇ ਸੁਪਨੇ ਸਾਕਾਰ ਕਰਦੀਆਂ ਹਨ।

ਭਾਗ ਤੀਜਾ (ਤੁਹਾਡੀਆਂ ਮੂਲ ਕੁਦਰਤੀ ਸ਼ਕਤੀਆਂ) ਵਿੱਚ ਕੁਦਰਤ ਦਾ ਸਿਧਾਂਤ, ਬੀਜ ਦਾ ਸਿਧਾਂਤ ਤੇ ਬੱਚਿਆਂ ਤੋਂ ਸਿੱਖੋ ਵਿੱਚ ਵਿਚਾਰਨਯੋਗ ਹੈ ਕਿ ਮਨੁੱਖ ਕੁਦਰਤ ਦੇ ਸਿਧਾਂਤਾਂ ਨਾਲ ਬੱਝਾ ਹੋਇਆ ਹੈ। ਕੁਦਰਤ ਦੀਆਂ ਸਾਰੀਆਂ ਚੀਜ਼ਾਂ ਵਿੱਚ ਊਰਜਾ ਹੈ। ਹਰ ਮਨੁੱਖ ਵਿੱਚ ਸਫਲਤਾ ਲਈ ਬਰਾਬਰ ਦੇ ਗੁਣ ਹੁੰਦੇ ਹਨ, ਪਰ ਕਾਮਯਾਬ ਉਹੀ ਹੁੰਦਾ ਹੈ, ਜੋ ਕੁਦਰਤ ਦੇ ਨਿਯਮਾਂ 'ਤੇ ਅਮਲ ਕਰਦਾ ਹੈ। ਹਰ ਮਨੁੱਖ ਦੇ ਦਿਮਾਗ ਵਿੱਚ ਤਕਰੀਬਨ ਰੋਜ਼ਾਨਾ 60 ਕੁ ਹਜ਼ਾਰ ਵਿਚਾਰ ਆਉਂਦੇ-ਜਾਂਦੇ ਹਨ। ਇਹ ਵਿਚਾਰ ਕਦੇ ਜਿੱਤ, ਕਦੇ ਹਾਰ, ਕਦੇ ਉਤਰਾਅ, ਕਦੇ ਚੜ੍ਹਾਅ ਦੇ ਹੋ ਸਕਦੇ ਹਨ। ਜਿਨ੍ਹਾਂ ਵਿਚਾਰਾਂ 'ਤੇ ਮਨੁੱਖ ਫੋਕਸ ਕਰਦਾ ਹੈ, ਸਮਾਂ ਲਗਾਉਂਦਾ ਹੈ, ਤਦ ਸਫਲ/ਅਸਫਲ ਹੋ ਜਾਂਦਾ ਹੈ। ਇੱਥੇ ਵਰਨਣਯੋਗ ਗੱਲਾਂ ਇਹੋ ਹਨ ਕਿ ਜਿਹੋ ਜਿਹਾ ਮਨੁੱਖ ਬੀਜ ਬੀਜੇਗਾ, ਉਹੋ ਜਿਹਾ ਫਲ ਪ੍ਰਾਪਤ ਕਰੇਗਾ। ਕੁਦਰਤ ਦੇ ਨਿਯਮ ਹਨ ਕਿ ਜੇਕਰ ਧਰਤੀ ਵਿੱਚ ਕਣਕ, ਸੇਬ ਆਦਿ ਥੋੜ੍ਹੀ ਮਾਤਰਾ ਵਿੱਚ ਬੀਜੋਗੇ ਤਾਂ ਕਈ ਗੁਣਾਂ ਵੱਧ ਪ੍ਰਾਪਤ ਕਰ ਸਕਦੇ ਹੋ। ਲੇਖਕ ਨੇ ਮਾਪਿਆਂ ਨੂੰ ਬੱਚਿਆਂ ਤੋਂ ਵੀ ਸਿੱਖਣ ਲਈ ਕਿਹਾ ਹੈ। ਬੱਚੇ ਸਦਾ ਖੁਸ਼ ਰਹਿੰਦੇ ਹਨ, ਹਾਰ-ਹਾਰ ਕੇ ਜਿੱਤਦੇ ਹਨ, ਹਮੇਸ਼ਾ ਕੁਝ ਕਹਿੰਦੇ ਅਤੇ ਆਪਣੀ ਮੰਗ ਮਨਵਾ ਕੇ ਹੀ ਰਹਿੰਦੇ ਹਨ।

ਭਾਗ ਚੌਥਾ (ਕਾਮਯਾਬੀ ਕੀ ਹੈ?) ਵਿੱਚ ਕਾਮਯਾਬੀ ਦਾ ਨਜ਼ਰੀਆ ਅਤੇ ਕਾਮਯਾਬੀ ਬਾਰੇ ਅਫਵਾਹਾਂ ਵਿੱਚ ਲਿਖਿਆ ਹੈ ਕਿ ਜਿਹੋ ਜਿਹਾ ਨਜ਼ਰੀਆ ਕਿਸੇ ਕਾਰਜ ਵਿੱਚ ਸਫਲਤਾ ਲਈ ਚਾਹੀਦਾ ਹੈ, ਉਹੋ ਜਿਹਾ ਹੋਣਾ ਚਾਹੀਦਾ ਹੈ, ਮਨੁੱਖ ਆਪਣੇ ਗਲਤ ਨਜ਼ਰੀਏ ਕਰਕੇ ਅਸਫਲ ਹੁੰਦੇ ਹਨ। ਲੇਖਕ ਨੇ ਬੱਚਿਆਂ ਦੀਆਂ ਵੱਖੋ-ਵੱਖ ਸ਼ਖਸੀਅਤਾਂ ਬਾਰੇ ਵੀ ਦੱਸਿਆ ਹੈ। ਉਸ ਨੇ ਮਨੁੱਖਾਂ ਦੇ ਜਿਉਂਦੇ ਰਹਿਣ ਵਾਲੀ ਜ਼ਿੰਦਗੀ, ਸਥਿਰਤਾ ਵਾਲੀ ਜ਼ਿੰਦਗੀ, ਸੁਰੱਖਿਅਤਾ ਵਾਲੀ ਜ਼ਿੰਦਗੀ, ਪ੍ਰਭਾਵਸ਼ਾਲੀ ਹੋਂਦ ਵਾਲੀ ਜ਼ਿੰਦਗੀ ਆਦਿ ਬਾਰੇ ਬਾਖੂਬੀ ਲਿਖਿਆ ਹੈ। ਉਸ ਨੇ ਪੈਸੇ ਪ੍ਰਤੀ ਧਾਰਨਾਵਾਂ ਬਾਰੇ ਬੜੇ ਸੁਚੱਜੇ ਨਜ਼ਰੀਏ ਤੋਂ ਲਿਖਿਆ ਹੈ ਕਿ ਕੁਝ ਲੋਕ ਪੈਸੇ ਨੂੰ ਅਮੀਰੀ ਸਮਝਦੇ ਹਨ, ਪਰ ਅਸਲ ਵਿੱਚ ਮਨੁੱਖ ਦੀ ਅਮੀਰੀ ਉਸ ਦੇ ਚੰਗੇ ਵਿਚਾਰ ਹੁੰਦੇ ਹਨ।

ਉਸ ਨੇ ਲਿਖਿਆ ਹੈ ਕਿ ਜੋ ਮਨੁੱਖ ਸਮੇਂ ਦਾ ਸਹੀ ਪ੍ਰਬੰਧਨ ਕਰਦਾ ਹੈ, ਉਹੀ ਕਾਮਯਾਬ ਹੋ ਸਕਦਾ ਹੈ। ਉਸ ਨੇ ਇਸ ਜੀਵਨ ਵਿੱਚ ਇੱਕ ਐਸੇ ਡਾਕਟਰ ਜੋੜੇ ਹਰਿਭਜਨ ਸਿੰਘ ਅਤੇ ਮਹਿੰਦਰ ਕੌਰ ਬੜੈਚ ਦੀ ਸਫਲ ਜੀਵਨ ਕਹਾਣੀ ਦੱਸੀ ਹੈ, ਜੋ ਜੀਵਨ ਵਿੱਚ ਆਪਣੇ-ਆਪ ਨੂੰ ਬਦਲ ਕੇ ਆਪਣੇ ਜੀਵਨ ਦੇ ਮਕਸਦ ਵਿੱਚ ਸਫਲ ਹੋ ਗਏ। ਉਸ ਜਿੱਤ ਦੇ ਗ੍ਰਾਫ ਬਾਰੇ ਦੱਸਿਆ ਹੈ ਅਤੇ ਲਿਖਿਆ ਹੈ ਕਿ ਸਫਲਤਾ ਮਿਹਨਤ ਮੰਗਦੀ ਹੈ। ਮਿਹਨਤ ਵਿਸ਼ਵਾਸ ਮੰਗਦੀ ਹੈ। ਵਿਸ਼ਵਾਸ ਸਮਾਂ ਮੰਗਦਾ ਹੈ ਅਤੇ ਸਮਾਂ ਹਰ ਇੱਕ ਦਾ ਆਉਂਦਾ ਹੈ।

ਭਾਗ ਪੰਜਵਾਂ (ਮਨਚਾਹੀ ਕਾਮਯਾਬੀ ਦੇ ਸਲੀਕੇ) ਵਿੱਚ ਵਿਚਾਰਾਂ ਨੂੰ ਬਦਲਣ ਦਾ ਢੰਗ ਅਤੇ ਸੁਪਨੇ ਨੂੰ ਬਦਲਣ ਦਾ ਢੰਗ ਅਤੇ ਸੁਫਨੇ ਪੂਰੇ ਕਰਨ ਦਾ ਰਾਹ 'ਚ ਲਿਖਿਆ ਹੈ ਕਿ ਆਪਣੀ ਜ਼ਿੰਦਗੀ ਬਦਲਣ ਲਈ ਤੁਹਾਨੂੰ ਆਪਣੇ ਆਪ ਨੂੰ ਬਦਲਣਾ ਪਵੇਗਾ, ਆਪਣੇ ਆਪ ਨੂੰ ਬਦਲਣ ਲਈ ਤੁਹਾਨੂੰ ਆਪਣੇ ਆਪ ਬਾਰੇ ਸੋਚ ਬਦਲਣੀ ਪਵੇਗੀ, ਜਦੋਂ ਤੁਹਾਡੀ ਆਪਣੇ ਆਪ ਬਾਰੇ ਸੋਚ ਬਦਲ ਜਾਵੇਗੀ ਤਾਂ ਬਾਹਰ ਦੀ ਹਰ ਚੀਜ਼ ਬਦਲ ਜਾਵੇਗੀ। ਕਾਮਯਾਬੀ ਤੱਕ ਜਾਣ ਵਾਲੇ ਰਾਹ ਵਿੱਚ ਆਉਣ ਵਾਲੀਆਂ ਕਠਿਨਾਈਆਂ 'ਤੇ ਜਿੱਤ ਪਾਉਣਾ ਹੀ ਅਸਲ ਕਾਮਯਾਬੀ ਹੈ। ਮਨੁੱਖ ਕਿਸੇ ਵੀ ਉਮਰ ਵਿੱਚ ਆਪਣੇ ਅਵਚੇਤਨ ਮਨ ਵਿੱਚੋਂ ਨਾਕਾਰਾਤਮਕ ਸੋਚ ਕੱਢ ਕੇ ਸਾਕਾਰਾਤਮਕ ਸੋਚ ਨਾਲ ਆਪਣੇ ਸੁਪਨੇ ਪੂਰੇ ਕਰ ਸਕਦਾ ਹੈ। ਮਨੁੱਖ ਨੂੰ ਨਾ ਕਾਮਯਾਬੀ ਵਿਚਾਰ ਕੱਢ ਕੇ ਉਸ ਦੀ ਥਾਂ ਸਾਕਾਰਾਤਮਕ ਵਿਚਾਰ ਭਰਨ ਦੀ ਲੋੜ ਹੁੰਦੀ ਹੈ।

ਕੁਦਰਤ ਵੱਲੋਂ ਤਾਂ ਹਰ ਮਨੁੱਖ ਨੂੰ ਤਾਕਤ ਇੱਕੋ ਜਿਹੀ ਦਿੱਤੀ ਹੁੰਦੀ ਹੈ। ਇਹ ਤਾਂ ਮਨੁੱਖ ਨੇ ਉਸ ਪ੍ਰਤੀ ਦਿਮਾਗ ਵਿੱਚ ਸਹੀ ਤਸਵੀਰਾਂ ਦੀ ਕਲਪਨਾ ਕਰਨੀ ਹੁੰਦੀ ਹੈ। ਮਨੁੱਖ ਨੇ ਹੀ ਆਪਣੇ ਕਮਜ਼ੋਰ ਦਿਮਾਗ ਨੂੰ ਇੱਕ ਸਥਿਰ ਤੋਂ ਮਜ਼ਬੂਤ ਦਿਮਾਗ ਬਣਾ ਕੇ ਜਿੱਤ ਪ੍ਰਾਪਤ ਕਰਨੀ ਹੁੰਦੀ ਸੀ। ਉਸ ਨੇ ਆਪਣਾ ਸੁਪਨਾ ਪੂਰਾ ਇੱਕ ਟੀਚੇ, ਸਵੈ-ਵਾਕ, ਵਿਉਂਤ-ਬੰਦੀ, ਵਿਸ਼ਵਾਸ ਨਿਰੰਤਰ ਕਾਰਜ ਕਰਕੇ ਕਾਰਵਾਈ ਆਦਿ ਨਾਲ ਹੀ ਪੂਰਾ ਕਰਨਾ ਹੁੰਦਾ ਹੈ।

ਭਾਗ ਛੇਵਾਂ (ਕਾਮਯਾਬੀ ਦੀਆਂ ਸਹਿਯੋਗੀ ਆਦਤਾਂ) ਦੇ ਕਾਮਯਾਬੀ ਲਈ ਉਦਾਸੀ ਤੋਂ ਬਚੋ ਅਤੇ ਕੁਝ ਅਨਮੋਲ ਨੁਕਤੇ ਵਿੱਚ ਲਿਖਿਆ ਹੈ ਕਿ ਮਨੁੱਖ ਨੂੰ ਆਪਣੀ ਜ਼ਿੰਦਗੀ ਦੇ ਮਕਸਦ ਪੂਰੇ ਕਰਨ ਲਈ ਉਦਾਸੀ, ਨਿਰਾਸ਼ਾ, ਇਕੱਲਤਾ ਆਦਿ ਨੂੰ ਆਪਣੇ ਦਿਲ-ਦਿਮਾਗ ਵਿੱਚੋਂ ਤਿਲਾਂਜਲੀ ਦੇਣੀ ਪੈਂਦੀ ਹੈ। ਮਨੁੱਖ ਨੂੰ ਕੁਝ ਚੰਗੇ ਗੁਣਾਂ ਦੀਆਂ ਆਦਤਾਂ ਅਪਨਾਉਣੀਆਂ ਪੈਂਦੀਆਂ ਹਨ। ਲੋਕਾਂ ਨੂੰ ਮੁਆਫ ਕਰਨਾ ਪੈਂਦਾ ਹੈ। ਸਹਿਣਸ਼ੀਲਤਾ ਰੱਖਣੀ ਪੈਂਦੀ ਹੈ। ਰੱਬ ਤੇ ਲੋਕਾਂ ਦਾ ਹਰ ਪਲ ਸ਼ੁਕਰ ਗੁਜ਼ਾਰ ਹੋਣਾ ਪੈਂਦਾ ਹੈ। ਆਪਣੀ ਸਿਹਤ ਨੂੰ ਤੰਦਰੁਸਤ ਰੱਖਣਾ ਪੈਂਦਾ ਹੈ। ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖਣਾ ਪੈਂਦਾ ਹੈ। ਚੰਗੇ ਲੋਕਾਂ ਦੀ ਸੰਗਤ ਵਿੱਚ ਰਹਿਣਾ ਪੈਂਦਾ ਹੈ। ਲੋਕਾਂ ਨਾਲ ਚੰਗੇ ਸੰਬੰਧ ਸਦਾ ਰੱਖਣੇ ਪੈਂਦੇ ਹਨ।

ਭਾਗ ਸੱਤਵਾਂ (ਕੁਝ ਮਹੱਤਵਪੂਰਨ ਕੰਮ) ਦੇ ਲੋੜੀਂਦੀਆਂ ਸਹੀ ਆਦਤਾਂ ਬਣਾਓ ਅਤੇ ਸਦਾ ਉਤਸ਼ਾਹਤ ਕਰੋ ਵਿੱਚ ਲਿਖਿਆ ਹੈ ਕਿ ਮਨੁੱਖ ਦੇ ਅੰਦਰਲੇ ਮਨ ਦੀ ਮਜ਼ਬੂਤੀ ਨਾਲ ਹੀ ਜਿੱਤ ਮਿਲਦੀ ਹੈ। ਉਸ ਦੀਆਂ ਸਹੀ ਆਦਤਾਂ ਹੀ ਤਰੱਕੀ ਵੱਲ ਲਿਜਾਂਦੀਆਂ ਹਨ। ਬੁਰੀਆਂ ਆਦਤਾਂ ਨਿਰਾਸ਼ਾ ਵੱਲ ਲਿਜਾਂਦੀਆਂ ਹਨ। ਇਸ ਲਈ ਹਰ ਰੋਜ਼ ਚੰਗੀਆਂ ਆਦਤਾਂ ਨੂੰ ਵਿਕਸਤ ਅਤੇ ਅਭਿਆਸ ਕਰਨ ਨਾਲ ਬਿਨਾਂ ਹਫੜਾ-ਦਫੜੀ ਜਾਂ ਮੁਸੀਬਤਾਂ ਦੇ ਸਮੇਂ ਕਾਬੂ ਕਰਨ ਦੇ ਕਾਬਲ ਬਣ ਜਾਂਦੇ ਹਨ, ਜੋ ਮਨੁੱਖ ਉੱਠਦਾ, ਜਾਗਦਾ ਤੇ ਰੁਕਦਾ ਨਹੀਂ ਹੈ, ਉਹ ਆਪਣੀ ਮੰਜ਼ਲ ਤੱਕ ਪਹੁੰਚ ਜਾਂਦਾ ਹੈ। ਇਸ ਲਈ ਮਨੁੱਖ ਉਤਸ਼ਾਹ ਵਿੱਚ ਰਹਿ ਜਾਂਦਾ ਹੈ, ਇਹ ਸਾਕਾਰਾਤਮਿਕ ਵਿਚਾਰਾਂ ਕਰਕੇ ਹੀ ਹੋ ਸਕਦਾ ਹੈ।

ਲੇਖਕ ਗੁਰਚਰਨਜੀਤ ਸਿੰਘ ਨੇ ਇਹ ਮਨੁੱਖਾਂ ਨੂੰ ਜੀਵਨ ਦੇਣ ਵਾਲੀ ਪ੍ਰੇਰਨਾਮਈ ਪੁਸਤਕ ਬੜੀ ਮਿਹਨਤ ਤੇ ਆਪਣੇ ਨਿੱਜੀ ਤਜਰਬਿਆਂ ਤੋਂ ਲਿਖੀ ਹੈ। ਇਸ ਵਿੱਚ ਪ੍ਰੇਰਨਾਮਈ ਕਥਾ ਕਹਾਣੀਆਂ ਹਨ। ਇਹ ਮਨੁੱਖਾਂ ਦੀਆਂ ਸ਼ਖਸੀਅਤਾਂ ਵਿੱਚ ਸਾਕਾਰਾਤਮਕ ਗੁਣ ਭਰਨ ਵਾਲੀ ਹੈ। ਲੇਖਕ ਦੀ ਆਪਣੀ ਸ਼ਖਸੀਅਤ ਵੀ ਪਾਠਕਾਂ ਨੂੰ ਪ੍ਰਭਾਵਤ ਕਰੇਗੀ। ਵਿਦਵਾਨ ਸਤਿੰਦਰਪਾਲ ਸਿੰਘ ਤੱਗੜ ਅਤੇ ਹਰੀਕ੍ਰਿਸ਼ਨ ਮਾਇਰ ਦੇ ਵਿਚਾਰ ਵੀ ਕਿਤਾਬ ਲਈ ਵੱਡਮੁੱਲੇ ਹਨ। ਮਹਾਤਮਾ ਗਾਂਧੀ ਦੇ ਵਿਚਾਰ Be the change that you want to see in the world ਉੱਪਰ ਪੂਰੀ ਕਿਤਾਬ ਢੁਕਦੀ ਹੈ। ਇਹ ਪੁਸਤਕ ਉਸ ਕਵੀ ਦੇ ਪੂਰਨਿਆਂ ਉੱਪਰ ਸਹੀ ਉਤਰਦੀ ਹੈ, ਜਿਸ ਨੇ ਕਿਹਾ ਹੈ :

ਸੋਚ ਬਦਲੋ, ਨਜ਼ਰੀਆ ਬਦਲ ਜਾਵੇਗਾ
ਨਜ਼ਰੀਆ ਬਦਲਦੇ ਹੀ, ਪਰਿਨਾਮ ਬਦਲ ਜਾਵੇਗਾ।
ਜ਼ਰੂਰੀ ਨਹੀਂ ਹੈ ਲੋਕਾਂ ਨੂੰ ਬਦਲਣ ਦੀ,
ਖੁਦ ਨੂੰ ਬਦਲ ਲਵੋ, ਜ਼ਮਾਨਾ ਬਦਲ ਜਾਵੇਗਾ।

ਸੋ ਲੇਖਕ ਗੁਰਚਰਨਜੀਤ ਸਿੰਘ ਇਹ ਖੂਬਸੂਰਤ ਸਤਰ ਲਿਖਣ ਲਈ ਬਹੁਤ-ਬਹੁਤ ਵਧਾਈ ਦਾ ਪਾਤਰ ਹੈ। ਇਸ ਪੁਸਤਕ ਦਾ ਪੰਜਾਬੀ ਸਾਹਿਤ ਜਗਤ ਵਿੱਚ ਸੁਆਗਤ ਕਰਨਾ ਬਣਦਾ ਹੈ। ਪਾਠਕਾਂ ਨੂੰ ਪੜ੍ਹਨ ਲਈ ਮੇਰੀ ਅਪੀਲ ਹੈ।

**ਮੋ: 98140-42903**

---

# ਸੱਜਰਾ ਸਾਹਿਤ

## ਦੱਬੇ-ਕੁਚਲਿਆਂ ਦਾ ਸਿੱਖਿਆ ਸ਼ਾਸਤਰ

**ਪਾਓਲੋ ਫਰੇਰੇ**
**ਅਨੁਵਾਦ : ਕੁਮਾਰ ਸੁਸ਼ੀਲ ਅਤੇ ਅਮਰਦੀਪ ਸਿੰਘ**
**ਪੰਨੇ : 184, ਮੁੱਲ : 275 ਰੁਪਏ**
**ਚੇਤਨਾ ਪ੍ਰਕਾਸ਼ਨ ਲੁਧਿਆਣਾ**



ਜ਼ੁਲਮ ਦੇ ਹਲਾਤਾਂ 'ਤੇ ਜਿੱਤ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਮਨੁੱਖ ਇਸ ਦੇ ਕਾਰਨਾਂ ਨੂੰ ਆਲੋਚਨਾਤਮਕ ਢੰਗ ਨਾਲ ਸਮਝੇ ਤਾਂ ਕਿ ਬਦਲਾਅ ਦੇ ਅਮਲ ਤੋਂ ਉਹ ਇੱਕ ਅਜਿਹੀ ਸਥਿਤੀ ਦੀ ਸਿਰਜਣਾ ਕਰ ਸਕਣ, ਜਿਸ ਵਿੱਚ ਸੰਪੂਰਨ ਮਨੁੱਖਤਾ ਲਈ ਕੋਸ਼ਿਸ਼ ਕਰਨੀ ਸੰਭਵ ਹੋਵੇ, ਪਰ ਸੰਪੂਰਨ ਮਨੁੱਖ ਬਣਨ ਲਈ ਘੋਲ ਸਥਿਤੀ ਵਿੱਚ ਤਬਦੀਲੀ ਨਾਲ ਹੀ ਸ਼ੁਰੂ ਹੋ ਚੁੱਕਿਆ ਹੈ। ਹਾਲਾਂਕਿ ਜ਼ੁਲਮ ਨੇ ਮਨੁੱਖ ਦਾ ਅਣ-ਮਨੁੱਖੀਕਰਨ ਕਰ ਦਿੱਤਾ ਹੈ ਅਤੇ ਪੂਰੀ ਤਰ੍ਹਾਂ ਨਾਲ ਅਣ-ਮਨੁੱਖੀਕਰਨ ਕੀਤਾ ਜਾ ਰਿਹਾ ਹੈ। ਇਹੋ ਜਿਹੇ ਹਾਲਾਤ ਦੱਬੇ-ਕੁਚਲੇ ਅਤੇ ਜ਼ੁਲਮੀ ਦੋਵਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰਹੇ ਹਨ, ਪਰ ਲਾਜ਼ਮੀ ਤੌਰ 'ਤੇ ਦੱਬੇ-ਕੁਚਲਿਆਂ ਨੂੰ ਹੀ ਸੰਪੂਰਨ ਮਨੁੱਖਤਾ ਦੀ ਆਜ਼ਾਦੀ ਹਾਸਲ ਕਰਨ ਲਈ ਘੋਲ ਸ਼ੁਰੂ ਕਰਨਾ ਪਵੇਗਾ।

**-ਕਿਤਾਬ 'ਚੋਂ**

## ਹੋਈਆਂ ਬੀਤੀਆਂ

**(ਲੇਖ ਸੰਗ੍ਰਹਿ)**
**ਦਰਸ਼ਨ ਸਿੰਘ ਬਨੂੜ**
**ਪੰਨੇ : 100, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**



ਨਸ਼ੇ ਕਰਨ ਵਾਲਾ ਇਨਸਾਨ ਮਰ ਤਾਂ ਉਸੇ ਦਿਨ ਹੀ ਜਾਂਦਾ ਹੈ, ਜਿਸ ਦਿਨ ਉਹ ਨਸ਼ੇ ਖਾਣ ਦੀ ਸ਼ੁਰੂਆਤ ਕਰਦਾ ਹੈ। ਫਰਕ ਸਿਰਫ ਐਨਾ ਹੈ ਕਿ ਉਸ ਦਾ ਸੰਸਕਾਰ ਪੰਜ-ਦਸ ਸਾਲ ਬਾਅਦ ਹੁੰਦਾ ਹੈ। ਨਰਿੰਦਰ ਸਿੰਘ ਕਪੂਰ ਦਾ ਇਹ ਵਿਚਾਰ ਪੜ੍ਹਦਿਆਂ ਹੀ ਮੇਰੇ ਪਿੰਡ ਵਿੱਚ ਤੁਰਦੀਆਂ-ਫਿਰਦੀਆਂ ਕਿੰਨੀਆਂ ਹੀ ਲਾਸ਼ਾਂ ਮੇਰੇ ਜ਼ਿਹਨ 'ਚੋਂ ਹੋ ਗੁਜ਼ਰਦੀਆਂ ਹਨ। ਕਿੰਨੇ ਹੀ ਨੌਜਵਾਨ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕੇ ਹਨ। ਪਿੰਡਾਂ ਵਿੱਚ ਚੱਲ ਰਿਹਾ ਨਸ਼ਿਆਂ ਦਾ ਰੁਝਾਨ ਨੌਜਵਾਨ ਪੀੜ੍ਹੀ ਨੂੰ ਦਿਨੋ-ਦਿਨ ਘੁਣ ਵਾਂਗ ਖਤਮ ਕਰਦਾ ਜਾ ਰਿਹਾ ਹੈ।

**- ਇੱਕ ਲੇਖ 'ਚੋਂ**

## ਨੀਰੋ

**(ਜੀਵਨ ਬਿਰਤਾਂਤ)**
**ਜੈਕੋਬ ਐਬਟ**
**ਅਨੁਵਾਦ : ਪ੍ਰੋ. ਜਸਪਾਲ ਘਈ**
**ਪੰਨੇ : 143, ਮੁੱਲ : 200 ਰੁਪਏ**
**ਸੰਗਮ ਪਬਲੀਕੇਸ਼ਨਜ਼ ਸਮਾਣਾ**



ਨੀਰੋ ਦੇ ਮਨ ਵਿਚਲੀ ਅਪਰਾਧ ਬੋਧ ਦੀ ਭਾਵਨਾ ਓਕਟਾਵੀਆ ਦੇ ਕਤਲ ਤੋਂ ਬਾਅਦ ਜਿਵੇਂ ਖਤਮ ਹੀ ਹੋ ਗਈ ਸੀ ਅਤੇ ਮਾਂ ਦੇ ਕਤਲ ਤੋਂ ਬਾਅਦ ਜਿਸ ਮਾਨਸਿਕ ਪਰੇਸ਼ਾਨੀ ਅਤੇ ਦਹਿਸ਼ਤ ਨੇ ਉਸ ਦੀ ਨੀਂਦ ਉਡਾ ਦਿੱਤੀ ਸੀ, ਉਹ ਸਭ ਕੁਝ ਕਾਫੂਰ ਹੋ ਚੁੱਕਾ ਸੀ। ਉਹ ਪੱਥਰ ਦਿਲ ਬਣ ਗਿਆ ਸੀ। ਹੁਣ ਝਗੜਿਆਂ ਅਤੇ ਮਾਰ-ਧਾੜ ਵਿੱਚ ਉਸ ਨੂੰ ਰਾਹਤ ਮਿਲਦੀ ਸੀ। ਵਗਦਾ ਖੂਨ ਉਸ ਨੂੰ ਚੰਗਾ ਲੱਗਦਾ ਸੀ। ਉਸ ਨੇ ਹੌਲੀ-ਹੌਲੀ ਆਪਣੇ ਆਪ ਨੂੰ ਪੂਰੇ ਰੂਪ ਵਿੱਚ ਜੁਰਮ ਨੂੰ ਸਮਰਪਿਤ ਕਰ ਦਿੱਤਾ ਸੀ ਤੇ ਫਿਰ ਉਹ ਸਾਰੀ ਉਮਰ ਏਸੇ ਰਾਹ 'ਤੇ ਤੁਰਦਾ ਗਿਆ।

**-ਕਿਤਾਬ 'ਚੋਂ**

---

# ਪੁਸਤਕ ਰੀਵਿਊ

## ਖ਼ੂਹ ਵਿੱਚ ਰੂਹ

**(ਨਾਵਲ)**
**ਸਿੰਮੀ ਕੌਰ ਗੁਪਤਾ**
**ਪੰਨੇ-287, ਮੁੱਲ-425 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਖ਼ੂਹ ਵਿੱਚ ਰੂਹ' ਸਿੰਮੀ ਕੌਰ ਗੁਪਤਾ ਦਾ ਪਹਿਲਾ ਨਾਵਲ ਹੈ। ਇਹ ਨਾਵਲ ਭੂਤ-ਪ੍ਰੇਤ, ਟੂਣੇ ਅਤੇ ਤਾਂਤਰਿਕ ਵਿਦਿਆ ਦੁਆਰਾ ਇਸ ਅਲੌਕਿਕ ਦੁਨੀਆ ਨੂੰ ਕਾਬੂ ਕੀਤੇ ਜਾਣ ਅਤੇ ਲੋੜ ਪੈਣ 'ਤੇ ਬਦਲ ਜਾ ਸਕਣ ਦੀਆਂ ਗਤੀਵਿਧੀਆਂ 'ਤੇ ਆਧਾਰਤ ਹੈ। ਤੇਜੋ, ਸਾਧੂ ਅਤੇ ਤਾਂਤਰਿਕ ਬਾਬੇ ਦੁਆਰਾ ਕੀਤੇ ਕਾਲੇ ਜਾਦੂ ਦਾ ਸੰਤਾਪ ਜੱਪ, ਚਿਰਾਗ਼, ਅਗਮ, ਲਾਡੀ, ਉਜਾਗਰ ਅਤੇ ਪਿੰਡ ਦੇ ਹੋਰ ਵੀ ਕਈ ਪਾਤਰ ਹੰਢਾਉਂਦੇ ਹਨ। ਇਸ ਨਾਵਲ ਦੇ ਵਿਸ਼ਾ ਵਸਤੂ ਦਾ ਅਧਿਐਨ ਕੀਤਿਆਂ ਇਹ ਨਾਵਲ ਸੱਚਾਈ ਤੋਂ ਵੱਧ ਨਾਵਲਕਾਰਾ ਦੀ ਕਲਪਨਾ ਅਤੇ ਉਸ ਦੇ ਕਾਲੇ ਜਾਦੂ-ਤਾਂਤਰਿਕ ਵਿਦਿਆ ਆਦਿ ਵਿੱਚ ਵਿਸ਼ਵਾਸ 'ਤੇ ਆਧਾਰਿਤ ਹੈ। ਇਕ ਕਲਪਿਤ ਸੰਸਾਰ ਨੂੰ ਨਾਵਲਕਾਰਾ ਨੇ ਬਾਖ਼ੂਬੀ ਚਿਤਰਤ ਕੀਤਾ ਹੈ, ਜਿਸ ਵਿੱਚ ਰੂਹ ਨੂੰ ਖ਼ੂਹ ਵਿੱਚ ਕੈਦ ਕਰਨਾ, ਟੂਣੇ ਕਰਕੇ ਕਿਸੇ ਹੋਰ ਔਰਤ ਦੀ ਕੁੱਖ ਚੋਰੀ ਕਰ ਲੈਣਾ, ਕਿਸੇ ਦੀ ਹਿਫ਼ਾਜ਼ਤ ਲਈ ਧਾਗਿਆਂ ਜਾਂ ਤਵੀਤਾਂ ਦਾ ਪ੍ਰਯੋਗ ਕਰਨਾ, ਟੂਣਿਆਂ ਕਾਰਨ ਕਿਸੇ ਵਿਅਕਤੀ ਦਾ ਬੁਖ਼ਾਰ ਵਿੱਚ ਤਪਣਾ ਤੇ ਬੇਹੋਸ਼ ਰਹਿਣਾ, ਦਰਗ਼ਾਹ ਜਾ ਕੇ ਟੂਣਿਆਂ ਦਾ ਤੋੜ ਲੱਭਣਾ, ਟੂਣਿਆਂ ਕਾਰਨ ਹਸਪਤਾਲ ਦੀ ਕੰਟੀਨ ਵਿੱਚ ਸਟੋਪ ਦਾ ਫਟਣਾ, ਸਾਧੂ ਦੁਆਰਾ ਸੁਪਨੇ ਵਿੱਚ ਆ ਕੇ ਸਾਰੀ ਕਹਾਣੀ ਸਮਝਾਉਣਾ ਆਦਿ ਹੋਰ ਵੀ ਕਈ ਅਲੌਕਿਕ ਗਤੀਵਿਧੀਆਂ ਘਟਦੀਆਂ ਹਨ। ਵਿਸ਼ਾ-ਵਸਤੂ ਤੋਂ ਅੱਗੇ ਵੱਧ ਪਾਤਰ-ਚਿਤਰਣ ਦੀ ਗੱਲ ਕੀਤੀ ਜਾਵੇ ਤਾਂ ਨਾਵਲਕਾਰਾ ਸਿੰਮੀ ਕੌਰ ਗੁਪਤਾ ਨੇ ਪਾਤਰ ਉਸਾਰੀ ਕਲਾਤਮਕ ਢੰਗ ਨਾਲ਼ ਕੀਤੀ ਹੈ। ਨਾਵਲ ਵਿੱਚ ਨਾਇਕ, ਖਲਨਾਇਕ, ਚੰਗੇ, ਮਾੜੇ, ਲੌਕਿਕ ਅਤੇ ਅਲੌਕਿਕ ਹਰ ਤਰ੍ਹਾਂ ਦੇ ਪਾਤਰ ਹਨ, ਜੋ ਕਲਪਿਤ ਵਿਸ਼ਿਆਂ ਨਾਲ਼ ਮੇਲ ਖਾਂਦਿਆਂ ਨਾਵਲ ਦੇ ਬਿਰਤਾਂਤ ਦੀ ਉਸਾਰੀ ਵਿੱਚ ਸਹਾਈ ਹੁੰਦੇ ਹਨ। ਸ਼ੈਲੀ ਦੀ ਗੱਲ ਕੀਤਿਆਂ ਗੱਲ ਸਾਹਮਣੇ ਆਉਂਦੀ ਹੈ ਕਿ ਨਾਵਲਕਾਰਾ ਨੇ ਪਹਿਲਾ ਅਧਿਆਇ 1996, ਦੂਸਰਾ 2009 ਅਤੇ ਤੀਜਾ 2018 ਸਿਰਲੇਖ ਹੇਠ ਲਿਖਿਆ ਹੈ। ਵੱਖ-ਵੱਖ ਸਮਿਆਂ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਇਸ ਢੰਗ ਨਾਲ਼ ਪਾਠਕਾਂ ਸਾਹਮਣੇ ਰੱਖ ਉਸ ਸਹਿਜ ਤੇ ਸਰਲ ਢੰਗ ਨਾਲ਼ ਨਾਵਲ ਦੀ ਸ਼ੁਰੂਆਤੀ ਗੱਲ ਕਰ ਜਾਂਦੀ ਹੈ। ਇਸ ਤੋਂ ਅੱਗੇ ਨਾਵਲ ਦਾ ਕਥਾਨਕ ਉਸਾਰੀ ਵੱਲ ਵਧਦਾ ਹੈ ਅਤੇ ਨਾਵਲਕਾਰਾ ਪਿਛਲਝਾਤ ਵਿਧੀ ਦੀ ਵਰਤੋਂ ਨਾਲ਼ ਤੇਜੋ ਦੁਆਰਾ ਕੀਤੇ ਟੂਣਿਆਂ ਨਾਲ਼ ਲਾਡੀ ਦੀ ਕੁੱਖ ਖੋਹ ਲੈਣ ਵੇਲੇ ਦਾ ਸਾਰਾ ਬਿਰਤਾਂਤ ਪਾਠਕਾਂ ਸਾਹਮਣੇ ਰੱਖਦੀ ਹੈ। ਦੂਜੇ ਪਾਸੇ ਸਾਧ ਅਗਮ ਦੇ ਸੁਪਨੇ ਵਿੱਚ ਆ ਕੇ ਸੁਪਨ ਵਿਧੀ ਰਾਹੀਂ ਅਗਮ ਤੇ ਜੱਪ ਦੇ ਸੰਬੰਧਾਂ ਬਾਰੇ ਜਾਣੂੰ ਕਰਵਾਉਂਦਾ ਹੈ ਅਤੇ ਪਿਛਲੀ ਸਾਰੀ ਕਹਾਣੀ ਵੀ ਦੱਸਦਾ ਹੈ। ਨਾਵਲਕਾਰਾ ਦੁਆਰਾ ਵਰਤੀ ਭਾਸ਼ਾ ਸਰਲ ਹੈ ਅਤੇ ਉਸ ਨੇ ਦੁਆਬੀ ਉਪ ਬੋਲੀ ਦੀ ਵਰਤੋਂ ਜ਼ਿਆਦਾ ਕੀਤੀ ਹੈ। ਬੋਲੀ ਸਾਧਾਰਨ ਹੈ, ਪਰ ਪਾਤਰਾਂ ਦੇ ਲਹਿਜੇ ਵੱਲ ਘੱਟ ਧਿਆਨ ਦਿੱਤਾ ਗਿਆ ਹੈ। ਇਸ ਢੰਗ ਨਾਲ਼ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਇਹ ਨਾਵਲ ਨਾਵਲਕਾਰਾ ਸਿੰਮੀ ਦਾ ਪਲੇਠਾ ਨਾਵਲ ਹੋਣ ਦੇ ਬਾਵਜੂਦ ਨਾਵਲ ਕਲਾ ਦੇ ਸਾਰੇ ਮਾਪਦੰਡਾਂ 'ਤੇ ਪੂਰਾ ਉਤਰਦਾ ਹੈ।

**— ਡਾਕਟਰ ਸੰਦੀਪ ਰਾਣਾ**

## ਅਸੀਂ ਬੰਦੂਕਾਂ ਨਹੀਂ ਬੀਜਦੇ

**ਸਫ਼ੇ 104, ਮੁੱਲ : 200 ਰੁਪਏ**
**ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ**

ਕੇਂਦਰ ਵਿਚਲੀ ਭਾਰਤੀ ਜਨਤਾ ਪਾਰਟੀ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਪਾਸ ਕੀਤੇ ਗਏ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਦੇਸ਼ ਭਰ ਵਿੱਚੋਂ ਵੱਡੇ ਪੱਧਰ 'ਤੇ ਵਿਰੋਧ ਹੋਇਆ। ਬੇਸ਼ੱਕ ਇਸ ਦਾ ਮੁੱਢ ਬੰਨ੍ਹਣ ਜਾਂ ਅਗਵਾਈ ਦੇਣ ਦਾ ਸਿਹਰਾ ਪੰਜਾਬ ਦੇ ਕਿਸਾਨਾਂ ਨੂੰ ਜਾਂਦਾ ਹੈ, ਪਰ ਜਦੋਂ ਇਹ ਸੰਘਰਸ਼ ਸ਼ੁਰੂ ਹੋਇਆ ਤਾਂ ਭਾਰਤ ਦੇ ਦੂਜੇ ਸੂਬਿਆਂ ਦੇ ਕਿਸਾਨਾਂ ਨੇ ਵੀ ਦਿੱਲੀ ਦੀਆਂ ਸਰਹੱਦਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਸੀ। ਦਿੱਲੀ ਦੀ ਹਕੂਮਤ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਸੰਘਰਸ਼ ਇੰਨਾ ਵਿਸ਼ਾਲ ਰੂਪ ਅਖਤਿਆਰ ਕਰ ਲਵੇਗਾ, ਜਿਸ ਅੱਗੇ ਸਰਕਾਰ ਨੂੰ ਗੋਡੇ ਟੇਕਣ ਲਈ ਮਜਬੂਰ ਹੋਣਾ ਪਵੇਗਾ।

ਇਸ ਇਤਿਹਾਸਕ ਕਿਸਾਨ ਸੰਘਰਸ਼ ਨੇ ਸਮਾਜ ਵਿੱਚ ਇੱਕ ਨਵੀਂ ਚੇਤਨਾ ਪੈਦਾ ਕਰਨ ਦਾ ਕਾਰਜ ਵੀ ਕੀਤਾ ਹੈ। ਸਾਹਿਤਕਾਰਾਂ/ਕਵੀਆਂ ਨੇ ਕਿਸਾਨ ਸੰਘਰਸ਼ ਤੋਂ ਪ੍ਰਭਾਵਿਤ ਹੋ ਕੇ ਗੀਤ ਅਤੇ ਕਵਿਤਾਵਾਂ ਲਿਖੀਆਂ, ਗਾਇਕਾਂ ਨੇ ਗੀਤ ਗਾਏ, ਨਾਟਕਕਾਰਾਂ ਨੇ ਨਾਟਕ ਖੇਡੇ ਤੇ ਅਖ਼ਬਾਰਾਂ-ਰਸਾਲਿਆਂ ਨੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ। ਇਸੇ ਕੜੀ ਤਹਿਤ ਹੀ ਸੁਖਮਿੰਦਰ ਸੇਖੋਂ ਦਾ ਨਾਵਲ 'ਅਸੀਂ ਬੰਦੂਕਾਂ ਨਹੀਂ ਬੀਜਦੇ' ਵੀ ਪ੍ਰਕਾਸ਼ਿਤ ਹੋਇਆ ਹੈ, ਜਿਸ ਵਿੱਚ ਸੁਖਮਿੰਦਰ ਸੇਖੋਂ ਨੇ ਇਸ ਇਤਿਹਾਸਕ ਕਿਸਾਨੀ ਸੰਘਰਸ਼ ਦੀ ਗੱਲ ਕਰਦਿਆਂ ਨਿਮਨ ਕਿਸਾਨਾਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੀਆਂ ਦੁਸ਼ਵਾਰੀਆਂ ਨੂੰ ਪਾਠਕਾਂ ਅੱਗੇ ਪੇਸ਼ ਕਰਨ ਦਾ ਯਤਨ ਕੀਤਾ ਹੈ।

'ਅਸੀਂ ਬੰਦੂਕਾਂ ਨਹੀਂ ਬੀਜਦੇ' ਨਾਵਲ ਦਾ ਨਾਇਕ ਫਕੀਰੀਆ ਇੱਕ ਗਰੀਬ ਕਿਸਾਨ ਹੈ, ਜਿਸ ਕੋਲ ਸਿਰਫ ਦੋ ਕਿੱਲੇ ਜ਼ਮੀਨ ਹੈ। ਘੱਟ ਜ਼ਮੀਨ ਹੋਣ ਕਾਰਨ ਨਾ ਤਾਂ ਉਸ ਦੇ ਪਿਓ ਨੂੰ ਕੋਈ ਰਿਸ਼ਤਾ ਦੇਣ ਲਈ ਤਿਆਰ ਸੀ ਤੇ ਨਾ ਹੀ ਕੋਈ ਫਕੀਰੀਏ ਲਈ, ਜਿਸ ਕਾਰਨ ਦੋਵਾਂ ਲਈ ਹੀ ਦੂਜੇ ਸੂਬੇ ਵਿੱਚੋਂ ਮੁੱਲ ਦੀ ਤੀਵੀਂ ਲਿਆਉਣੀ ਪੈਂਦੀ ਹੈ। ਨਾਵਲਕਾਰ ਨੇ ਛੋਟੀ ਕਿਸਾਨੀ ਦਾ ਦਰਦ ਨਾਵਲ ਦੇ ਨਾਇਕ ਦੇ ਮੂੰਹੋਂ ਕਹਾਣੀ ਬਿਆਨ ਕਰਵਾ ਕੇ ਕੀਤਾ ਹੈ, ਜੋ ਕਿਸਾਨ ਅੰਦੋਲਨ ਦੌਰਾਨ ਦਿੱਲੀ ਬਾਰਡਰ 'ਤੇ ਆਪਣੇ ਦੋਸਤਾਂ ਨਾਲ ਆਪਣੀ ਜ਼ਿੰਦਗੀ ਦੀ ਸਾਰੀ ਕਹਾਣੀ ਬਿਆਨ ਕਰਦਾ ਹੈ। ਘੱਟ ਜ਼ਮੀਨ ਅਤੇ ਗਰੀਬੀ ਕਾਰਨ ਉਹ ਫ਼ੌਜ ਵਿੱਚ ਭਰਤੀ ਹੋ ਜਾਂਦਾ ਹੈ। ਫ਼ੌਜ ਵਿੱਚ ਵੀ ਉਸ ਨੂੰ ਘਰ ਦੀ ਚਿੰਤਾ ਸਤਾਉਂਦੀ ਰਹਿੰਦੀ ਹੈ। ਉਸ ਦੇ ਮਾਂ-ਬਾਪ ਦੀ ਬਿਮਾਰੀ ਕਾਰਨ ਮੌਤ ਤੋਂ ਬਾਅਦ ਉਸ ਦੀ ਕੱਲੀ ਰਹਿ ਗਈ ਪਤਨੀ ਅਤੇ ਜ਼ਮੀਨ 'ਤੇ ਪਿੰਡ ਦੇ ਹੀ ਲੋਕਾਂ ਦੀ ਮਾੜੀ ਨਜ਼ਰ ਹੈ। ਇਸ ਤਰ੍ਹਾਂ ਇੱਕ ਦਿਨ ਪਿੰਡ ਦੇ ਜ਼ਿਮੀਦਾਰ ਵੱਲੋਂ ਉਸ ਦੀ ਜ਼ਮੀਨ 'ਤੇ ਕਬਜ਼ਾ ਕਰਕੇ ਉਸ ਦੀ ਪਤਨੀ ਦਾ ਸਮੂਹਿਕ ਬਲਾਤਕਾਰ ਕੀਤਾ ਜਾਂਦਾ ਹੈ ਅਤੇ ਉਸ ਦੀ ਪਤਨੀ ਅਤੇ ਪੁੱਤਰ ਦਾ ਕਤਲ ਕਰ ਦਿੱਤਾ ਜਾਂਦਾ ਹੈ। ਸੁਖਮਿੰਦਰ ਸੇਖੋਂ ਨੇ ਇਸ ਨਾਵਲ ਰਾਹੀਂ ਇਹ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਦੇਸ਼ ਲਈ ਅਨਾਜ ਪੈਦਾ ਕਰਨ ਵਾਲਾ ਕਿਸਾਨ ਅਤੇ ਸਰਹੱਦਾਂ 'ਤੇ ਦੇਸ਼ ਦੀ ਰਾਖੀ ਕਰਨ ਵਾਲਾ ਕਿਸਾਨ ਦਾ ਪੁੱਤ ਕਿਸ ਤਰ੍ਹਾਂ ਦੀਆਂ ਦੁੱਖ-ਤਕਲੀਫ਼ਾਂ ਬਰਦਾਸ਼ਤ ਕਰਦੇ ਹਨ। ਦੇਸ਼ ਦੀ ਸਰਹੱਦ ਦੀ ਰਾਖੀ ਕਰਨ ਵਾਲਿਆਂ ਦੇ ਆਪਣੇ ਘਰ ਅਸੁਰੱਖਿਅਤ ਹਨ। ਇੱਥੋਂ ਤੱਕ ਕਿ ਉਨ੍ਹਾਂ ਦੀ ਜ਼ਮੀਨ-ਜਾਇਦਾਦ ਦੇ ਨਾਲ ਹੀ ਉਨ੍ਹਾਂ ਦੀਆਂ ਬਹੂ-ਬੇਟੀਆਂ ਤੱਕ ਨੂੰ ਵੀ ਬਖਸ਼ਿਆ ਨਹੀਂ ਜਾਂਦਾ। ਇਹ ਆਪਣੇ-ਆਪ ਵਿੱਚ ਇੱਕ ਵੱਡਾ ਸਵਾਲ ਹੈ। ਸਿੰਘੂ ਬਾਰਡਰ 'ਤੇ ਲੱਗੀ ਕਿਸਾਨਾਂ ਦੀ ਸਟੇਜ 'ਤੇ ਜਦੋਂ ਫਕੀਰੀਆ ਸੰਬੋਧਨ ਕਰ ਰਿਹਾ ਹੁੰਦਾ ਹੈ ਤਾਂ ਅਚਾਨਕ ਉਹ ਆਪਣੀ ਕਮੀਜ਼ ਉਤਾਰ ਦਿੰਦਾ ਹੈ। ਸਾਰੇ ਲੋਕ ਇਹ ਦੇਖ ਕੇ ਹੈਰਾਨ ਹੁੰਦੇ ਹਨ ਕਿ ਉਸ ਦਾ ਸਾਰਾ ਸਰੀਰ ਇਉਂ ਛਲਣੀ ਹੋਇਆ ਪਿਆ ਸੀ, ਜਿਵੇਂ ਕਿਸੇ ਨੇ ਚਾਂਦਮਾਰੀ ਕੀਤੀ ਹੋਵੇ। ਇਹ ਜ਼ਖਮ ਕਿਸੇ ਕਿਸਾਨ ਦੇ ਦੁੱਖਾਂ ਦੇ ਵੀ ਅਤੇ ਸਰਹੱਦ ਦੀ ਰਾਖੀ ਕਰਦਿਆਂ ਸੀਨੇ 'ਤੇ ਖਾਧੀਆਂ ਗੋਲੀਆਂ ਦੇ ਵੀ ਪ੍ਰਤੀਕ ਹਨ।

ਸੇਖੋਂ ਨੇ ਇਸ ਨਾਵਲ ਵਿੱਚ ਕਿਸਾਨ ਅੰਦੋਲਨ ਨੂੰ ਬਦਨਾਮ ਅਤੇ ਨਾਕਾਮ ਕਰਨ ਲਈ ਸੱਤਾਧਾਰੀ ਧਿਰ ਵੱਲੋਂ ਚੱਲੀਆਂ ਗਈਆਂ ਚਾਲਾਂ ਨੂੰ ਵੀ ਪੇਸ਼ ਕੀਤਾ ਹੈ।

**— ਸਰਬਜੀਤ ਧੀਰ**

## ਅਰਮਾਨ

**(ਕਾਵਿ ਸੰਗ੍ਰਹਿ)**
**ਅਤੁਲ ਕੰਬੋਜ (ਚੰਨ)**
**ਮੁੱਲ : 200 ਰੁਪਏ, ਪੰਨੇ : 92**
**ਪ੍ਰਕਾਸ਼ਨ : ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਅਰਮਾਨ' ਨਾਂਅ ਦਾ ਕਾਵਿ ਸੰਗ੍ਰਹਿ ਹੈ, ਜਿਸ ਦਾ ਲੇਖਕ ਕਵੀ ਅਤੁਲ ਕੰਬੋਜ (ਚੰਨ) ਹੈ, ਜਿਸ ਦੀਆਂ ਤਿੰਨ ਕਾਵਿ ਪੁਸਤਕਾਂ ਹਮਸਾਇਰ, ਤਰਾਟਾਂ, ਮਿਸ਼ਰੀ ਅਤੇ ਉਡੀਕਾਂ ਤੇਰੀਆਂ ਕਾਵਿ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਆਵਾਜ਼ ਦਿਲ ਦੀ ਕਾਵਿ ਸੰਗ੍ਰਹਿ ਸੰਪਾਦਤ ਕੀਤਾ ਹੈ। ਇਸ ਸੰਗ੍ਰਹਿ ਵਿੱਚ ਕਵੀ ਦੀਆਂ ਨਵੀਆਂ 60-65 ਕਵਿਤਾਵਾਂ ਹਨ। ਬਹੁਤੀਆਂ ਕਵਿਤਾਵਾਂ ਗਜ਼ਲਨੁਮਾ ਛੰਦ ਉੱਪਰ ਆਧਾਰਤ ਹਨ। ਭਾਵੇਂ ਕਵੀ ਨੇ ਹਰ ਕਵਿਤਾ ਦਾ ਸਿਰਲੇਖ ਵੀ ਦਿੱਤਾ ਹੈ।

ਕਵੀ ਦੀਆਂ ਗਜ਼ਲਾਂਨੁਮਾ ਇਹਨਾਂ ਕਵਿਤਾਵਾਂ ਦੇ ਸੈਂਕੜੇ ਵਿਸ਼ੇ ਹਨ। ਪਿਆਰ, ਹੁਸਨ, ਵਿਛੋੜਾ, ਮਿਲਣ, ਨਿਹੋਰੇ, ਝਗੜੇ, ਸਲੀਕੇ, ਸ਼ਿਕਵੇ, ਦੁੱਖ-ਸੁੱਖ, ਨਿਹੋਰੇ, ਸੱਚ-ਹੱਕ, ਸੱਚ ਮੈਂ ਹਕੀਕਤ, ਜ਼ਿੰਦਗੀ, ਜੀਵਨ ਜਾਚ, ਝਗੜਾ, ਚੇਤਾ, ਖੇਡ ਇਸ਼ਕ ਦੀ, ਸੱਚਾਈ, ਖਾਹਿਸ਼, ਲਾਰੇ ਮਿੱਟੀ ਦੇ ਬਾਲ, ਕੋਸ਼ਿਸ਼, ਐਲਾਨ, ਰਿਸ਼ਤਾ, ਰੁਸ਼ਵਾਈ, ਪੰਜਾਬੀ ਤੇ ਤੇਹਾ ਰੂਪ ਆਦਿ ਕਵਿਤਾਵਾਂ ਹਨ।

ਕੁਝ ਸ਼ਿਅਰ ਹਾਜ਼ਰ ਹਨ :

* ਸੱਟ ਜਿਗਰ 'ਤੇ ਐਸੀ ਮਾਰੀ, ਅੰਦਰ ਤੱਕ ਹਿਲਾ ਦਿੱਤਾ ਹੈ। (ਪੰਨਾ : 9)

* ਚੰਗਾ ਤੂੰ ਲਲਾਰੀ ਬਣਿਆ, ਰੰਗ ਆਪਣੇ ਵਿੱਚ ਰੰਗ ਜਾਨਾਂ ਏਂ। (ਪੰਨਾ : 13)

* ਪਿਆਰ ਦੀ ਆਖਿਰ ਜਿੱਤ ਹੀ ਹੋਣੀ, ਨਹੀਂ ਇਸ ਤੋਂ ਵੱਡੀ ਅਸੀਸ ਹੈ ਹੁੰਦੀ। (ਪੰਨਾ : 17)

* ਯਾਰ ਮਨਾਵਣ ਵਾਲੇ ਮੰਤਰ ਦੱਸਾਂ
ਦਰਜ ਕਿਸੇ ਕਿਤਾਬ ਨਹੀਂ ਹੁੰਦੇ। (ਪੰਨਾ : 38)

* ਚੰਨਾ ਏਕੇ ਵਿੱਚ ਹੀ ਬਰਕਤ ਹੁੰਦੀ
ਮੇਰੇ ਕੰਨੀਂ ਹਵਾਵਾਂ ਕਹਿ ਜਾਂਦੀਆਂ ਨੇ। (ਪੰਨਾ : 79)

ਅਰਮਾਨ ਬਣ ਕੇ ਇਹਨਾਂ ਗਜ਼ਲਾਂ ਦੇ ਨਿਕਲੇ ਸ਼ਿਅਰ
ਕਵੀ ਮਨ ਦੀਆਂ ਲਾਲਸਾਵਾਂ ਦੀਆਂ ਤਸਵੀਰਾਂ ਹਨ।

ਕਵੀ ਨੂੰ ਹੋਰ ਅਭਿਆਸ, ਮਿਹਨਤ ਅਤੇ ਉਸਤਾਦੀ ਦੀ ਲੋੜ ਹੈ।

**- ਡਾ. ਅਮਰ ਕੋਮਲ**

# ਸਾਹਿਤ ਚਿੰਤਨ ਦੀ ਮਾਸਿਕ ਬੈਠਕ




**ਚੰਡੀਗੜ੍ਹ**-ਸਾਹਿਤ ਚਿੰਤਨ, ਚੰਡੀਗੜ੍ਹ ਦੀ ਦਸੰਬਰ ਮਹੀਨੇ ਦੀ ਮਾਸਿਕ ਇਕੱਤਰਤਾ ਚੰਡੀਗੜ੍ਹ ਵਿਖੇ ਡਾ. ਪਰਮਜੀਤ ਸਿੰਘ ਢੀਂਗਰਾ ਦੀ ਪ੍ਰਧਾਨਗੀ ਹੇਠ ਹੋਈ। ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਸ਼ਬਦੀਸ਼ ਦੇ ਨਵੇਂ ਕਾਵਿ-ਸੰਗ੍ਰਹਿ-"ਕਿਉਂ ਸੁਣਾਵਾਂ ਫੈਸਲਾ" ਬਾਰੇ ਸੰਖੇਪ ਚਰਚਾ ਕਰਦਿਆਂ ਪ੍ਰੋ. ਦੀਪ ਨਿਰਮੋਹੀ ਨੇ ਕਿਹਾ ਕਿ ਇਹ ਉਦਾਸ ਕਾਮਰੇਡ ਦਾ ਉਦਾਸੀਨਾਮਾ ਹੈ। ਪੂੰਜੀਵਾਦ ਨੂੰ ਲੋਕਾਂ ਜਾਂ ਕੁਦਰਤ ਨਾਲ ਕੋਈ ਸਰੋਕਾਰ ਨਹੀਂ, ਸਿਰਫ ਮੰਡੀ ਚਾਹੀਦੀ ਹੈ। ਬਜ਼ਾਰ ਵਿੱਚ ਬੰਦਾ ਆਪਣੀ ਕਦਰ ਗੁਆ ਰਿਹਾ ਹੈ। ਜਿਵੇਂ ਮੱਧਕਾਲ ਵਿੱਚ ਰਾਜਾਸ਼ਾਹੀ ਲੋਕ ਮਨ ਨੂੰ ਕਾਬੂ ਕਰਨ ਲਈ ਬ੍ਰਾਹਮਣਵਾਦ ਦਾ ਸਹਾਰਾ ਲੈਂਦੀ ਸੀ, ਉਵੇਂ ਹੀ ਕਾਰਪੋਰੇਟ ਅਵਾਰਾ ਪੂੰਜੀ ਨਾਲ ਆਧੁਨਿਕਤਾ ਦੇ ਸਹਾਰੇ ਲੋਕਾਂ ਨੂੰ ਕਾਬੂ ਕਰਦੇ ਹਨ। ਸ੍ਰੀ ਜੰਗ ਬਹਾਦੁਰ ਗੋਇਲ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਜੇ ਉਹਦੇ ਕੋਲ ਲਾਠੀਬਾਜ਼ ਨੇ ਤਾਂ ਸਾਡਾ ਬਾਂਸਾਂ ਦਾ ਜੰਗਲ ਵੀ ਹਾਲੇ ਸੁੱਕਿਆ ਨਹੀਂ ਹੈ। ਲਾਠੀਬਾਜ਼ ਕਵੀ ਨੂੰ ਤੋੜ ਸਕਦੇ ਹਨ, ਪਰ ਕਵਿਤਾ ਦੀ ਕੰਗਰੋੜ ਕਦੇ ਨਹੀਂ ਟੁੱਟ ਸਕਦੀ। ਡਾ. ਕਾਂਤਾ ਇਕਬਾਲ ਨੇ ਕਿਹਾ ਕਿ ਇਹ ਵਿਚਾਰਧਾਰਾ ਉੱਤੇ ਵਿਸ਼ਵਾਸ਼ ਦੀ ਕਵਿਤਾ ਹੈ। ਕਵੀ ਵਿੱਚ ਦੋਗਲਾਪਣ ਨਹੀਂ ਤੇ ਉਸ ਦਾ ਯਕੀਨ ਨਹੀਂ ਥਿੜਕਦਾ। ਉਦਾਰਵਾਦ ਤੇ ਸਮਾਜਵਾਦ ਸਿੱਕੇ ਦੇ ਦੋ ਪਾਸੇ ਹਨ। ਜਿਹੜੇ ਇੱਕ ਪਾਸਾ ਦੇਖਦੇ ਹਨ, ਉਹ ਦੂਸਰਾ ਪਾਸਾ ਨਹੀਂ ਸਮਝ ਸਕਦੇ। ਘਾਹ ਨੇ ਜ਼ਮੀਨ 'ਤੇ ਹੀ ਉੱਗਣਾ ਹੈ। ਡਾ. ਹਜ਼ਾਰਾ ਸਿੰਘ ਚੀਮਾ ਨੇ ਕਿਹਾ ਕਿ ਕਵੀ ਲੱਠਬਾਜ਼ਾਂ ਦਾ ਮੁਕਾਬਲਾ ਬਾਂਸੁਰੀ ਨਾਲ ਕਰਦਾ ਹੈ। ਇਹ ਰਾਜਨੀਤਕ ਕਵਿਤਾ ਹੈ ਤੇ ਕਵੀ ਖੱਬੀ ਧਿਰ ਨਾਲ ਹੈ। ਇਹ ਸੁੱਟ ਪਾਉਣ ਵਾਲੀ ਕਵਿਤਾ ਨਹੀਂ ਹੈ। ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਇਹ ਸਾਰਥਿਕ ਤੇ ਪ੍ਰੌੜ੍ਹ ਕਵਿਤਾ ਹੈ। ਇਸ ਵਿੱਚ ਅਨੁਭਵੀ ਗਿਆਨ ਹੈ। ਕਵੀ ਨੇ ਨਾਟਕਕਾਰ ਵਜੋਂ ਵੀ ਨਾਂਅ ਕਮਾਇਆ ਹੈ। ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਕਵੀ ਕਵਿਤਾ ਤੋਂ ਸਿਆਸੀ ਕੰਮ ਵੀ ਲੈਂਦਾ ਹੈ। ਹੀਰ ਦਾ ਕੇਵਲ ਜੱਟ ਨਾਲ ਵਿਆਹ ਦਾ ਮਸਲਾ ਨਹੀਂ, ਇਸ ਵਿੱਚ ਸਿਆਸਤ ਵੀ ਪਈ ਹੈ। ਕਵੀ ਲਹਿਰਾਂ ਤੇ ਆਰਥਿਕਤਾ ਦੀ ਖੜੋਤ ਤੋਂ ਦੁਖੀ ਹੈ। ਬਹੁਤੀ ਕਵਿਤਾ ਮੱਧ ਸ਼੍ਰੇਣੀ ਵੱਲੋਂ ਮੱਧ ਸ਼੍ਰੇਣੀ ਲਈ ਹੀ ਆ ਰਹੀ ਹੈ। ਅਨੀਤਾ ਨੇ ਕਿਹਾ ਕਿ ਕਵਿਤਾ ਦਾ ਮੁੱਲ ਪੈਂਦਾ ਵੇਖ ਕੇ ਉਹ ਖੁਸ਼ ਹੈ। ਆਸ ਹੈ ਕਿ ਕਵੀ ਲਿਖਣਾ ਜਾਰੀ ਰੱਖੇਗਾ। ਇੰਦਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਗੁਰੂ ਗੁਰਦੁਆਰੇ ਦੇ ਬਾਹਰ ਖੜ੍ਹਾ ਹੈ ਤੇ ਗੁਰਦੁਆਰੇ ਦੀ ਥਿੰਦੀ ਸਰਦਲ 'ਤੇ ਧਰਮ ਸਿੰਘ ਦਾ ਬਰਛਾ ਚਮਕਦਾ ਹੈ। ਮੇਰਾ ਪੋਤਾ ਅੰਦਰ ਜਾਣੋਂ ਡਰਦਾ ਹੈ। ਪ੍ਰੋ. ਦੀਪ ਨਿਰਮੋਹੀ ਨੇ ਬਹਿਸ ਦਾ ਉੱਤਰ ਦਿੰਦਿਆਂ ਕਿਹਾ ਕਿ ਇਹ ਸ਼ਾਂਤ ਨਹੀਂ, ਅਸ਼ਾਂਤ ਕਰਨ ਵਾਲੀ ਕਵਿਤਾ ਹੈ। ਕਵੀ ਸ਼ਬਦੀਸ਼ ਨੇ ਕਿਹਾ ਕਿ ਕਵਿਤਾ ਸੰਵਾਦ ਰਚਾਉਣ ਦਾ ਜ਼ਰੀਆ ਹੈ। ਉਨ੍ਹਾਂ ਕੁਝ ਨਾਮਾਂ ਦਾ ਪਾਠ ਵੀ ਕੀਤਾ ਹੈ। ਡਾ. ਪਰਮਜੀਤ ਸਿੰਘ ਢੀਂਗਰਾ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਕਦੇ ਕਵਿਤਾ ਸਾਡੇ ਹੱਕਾਂ ਲਈ ਲੜਦੀ ਸੀ, ਅੱਜ ਅਸੀਂ ਕਵਿਤਾ ਲਈ ਲੜ ਰਹੇ ਹਾਂ। ਟਾਂਗੇ ਨੂੰ ਆਟੋ ਰਿਕਸ਼ਾ ਖਾ ਗਿਆ ਹੈ ਤੇ ਆਟੋ ਰਿਕਸ਼ੇ ਨੂੰ ਕਿਸ਼ਤਾਂ। ਬਚਣ ਖਾਤਰ ਬੰਦਿਆਈ ਨਾਲ ਡਾਰਵਿਨ ਸੱਚਾ ਨਹੀਂ ਹੁੰਦਾ। ਪੂਰਨ ਲਈ ਅੰਨ੍ਹਾ ਖੂਹ ਹਾਜ਼ਰ ਹੈ। ਮਹਾਂ ਮਾਨਵ ਦੀ ਸਾਰੀ ਸੰਵੇਦਨਾ ਸੀਤਾ ਦੀ ਅਗਨੀ ਪ੍ਰੀਖਿਆ ਵਿਚ ਮਚ ਗਈ। ਉਹਨਾਂ ਕੋਲ ਹੁਕਮ ਚਾੜ੍ਹਨ ਲਈ ਅੰਤਿਮ ਕਿਤਾਬ ਹੈ। ਇਹ ਵਖਤਾਂ ਮਾਰੇ ਦਿਨਾਂ ਵਿੱਚ ਨਮੋਸ਼ੀ ਦੇ ਅਰਥਾਂ ਦੀ ਕਵਿਤਾ ਹੈ। ਕਵੀ ਦੀ ਆਤਮਾ ਸਿਰਫ ਪੰਜ ਤੱਤਾਂ ਵਿਚ ਵਿਲੀਨ ਹੋਣ ਲਈ ਨਹੀਂ ਹੁੰਦੀ। ਸੱਤਾ ਨੂੰ ਸਵਾਲ ਕਰਨਾ ਹੀ ਕਵਿਤਾ ਦਾ ਹਾਸਲ ਹੈ। ਇਹ ਮੀਟਿੰਗ ਫਲਸਤੀਨੀਆਂ ਦੇ ਜੀਵਨ ਸੰਘਰਸ਼ ਨੂੰ ਸਮਰਪਿਤ ਸੀ।

—ਸਰਦਾਰਾ ਸਿੰਘ ਚੀਮਾ

# ਕਿਰਪਾਲ ਕਜ਼ਾਕ, ਬਰਾੜ ਤੇ ਸੈਣੀ ਦਾ ਸਨਮਾਨ

**ਮੋਗਾ**-ਮਹਿੰਦਰ ਸਾਥੀ ਯਾਦਗਾਰੀ ਮੰਚ (ਰਜਿ:) ਮੋਗਾ ਵੱਲੋਂ ਡੀ ਐੱਮ ਕਾਲਜ ਮੋਗਾ ਵਿਖੇ ਤੀਜਾ ਸਾਲਾਨਾ ਸਾਹਿਤਕ ਸਮਾਗਮ ਕਰਵਾਇਆ ਗਿਆ। ਮੋਗਾ ਦੇ ਡਿਪਟੀ ਕਮਿਸ਼ਨਰ ਸ੍ਰੀ ਕੁਲਵੰਤ ਸਿੰਘ ਆਈ ਏ ਐੱਸ ਸਮਾਗਮ ਦੇ ਮੁੱਖ ਮਹਿਮਾਨ, ਸਤੀਸ਼ ਗੁਲਾਟੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਪ੍ਰਧਾਨਗੀ ਨਾਮਵਰ ਵਿਅੰਗਕਾਰ ਕੇ ਐੱਲ ਗਰਗ ਨੇ ਕੀਤੀ। ਸਮਾਗਮ ਦੌਰਾਨ ਸਾਥੀ ਮੰਚ ਅਤੇ ਸ਼ੇਰ ਜੰਗ ਫਾਊਂਡੇਸ਼ਨ ਵੱਲੋਂ ਨਾਮਵਰ ਗਲਪਕਾਰ ਕਿਰਪਾਲ ਕਜ਼ਾਕ ਨੂੰ ਪੰਜਾਬੀ ਦੇ ਪ੍ਰਸਿੱਧ ਵਿਅੰਗਕਾਰ ਸ਼ੇਰ ਜੰਗ ਜਾਂਗਲੀ ਦੀ ਯਾਦ ਵਿਚ ਸਥਾਪਤ ਗਿਆਰਾਂ ਹਜ਼ਾਰ ਰੁਪਏ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਕਿਰਪਾਲ ਕਜ਼ਾਕ ਬਾਰੇ ਸਨਮਾਨ ਪੱਤਰ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਨਵਨੀਤ ਸਿੰਘ ਸੇਖਾ ਨੇ ਪੜ੍ਹਿਆ। ਸਨਮਾਨ ਉਪਰੰਤ ਸ੍ਰੀ ਕਜ਼ਾਕ ਨੇ ਆਪਣੀ ਸਿਰਜਣਾ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਕਜ਼ਾਕ ਨੇ ਕਿਹਾ ਕਿ ਸਿਰਜਕ ਨੂੰ ਸਮੇਂ-ਸਮੇਂ 'ਤੇ ਖੁਦ ਦਾ ਵਿਸ਼ਲੇਸ਼ਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਉਸ ਨੂੰ ਪਤਾ ਲੱਗ ਸਕੇ ਕਿ ਉਹ ਆਪਣੇ ਸਮਕਾਲੀਆਂ ਦੇ ਮੁਕਾਬਲੇ ਕਿੱਥੇ ਕੁ ਖੜਾ ਹੈ। ਸ੍ਰੀ ਕਜ਼ਾਕ ਨੂੰ ਸਨਮਾਨਿਤ ਕਰਨ ਦੀ ਰਸਮ ਵਿਚ ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ, ਜਨਰਲ ਸਕੱਤਰ ਰਣਜੀਤ ਸਰਾਂਵਾਲੀ, ਮੀਤ ਪ੍ਰਧਾਨ ਗੁਰਦੀਪ ਲੋਪੋ, ਅਮਰ ਸੂਫੀ, ਅਮਰਪ੍ਰੀਤ ਸੰਘਾ, ਸਿਮਰਜੀਤ ਕੌਰ ਸਿੰਮੀ, ਸ਼ੇਰ ਜੰਗ ਦੀ ਬੇਟੀ ਵਿਨੇ ਜੰਗ, ਵਿਜੇ ਕੁਮਾਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੰਚ ਵੱਲੋਂ ਸਵ: ਮਲਕੀਅਤ ਸਿੰਘ ਬਰਾੜ ਦੀ ਯਾਦ ਵਿਚ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਅਤੇ ਉਸ ਦੇ ਬੱਚਿਆਂ ਵੱਲੋਂ ਦਿੱਤਾ ਜਾਣ ਵਾਲਾ ਸਨਮਾਨ ਪ੍ਰਸਿੱਧ ਮਾਰਕਸਵਾਦੀ ਆਲੋਚਕ, ਨਾਵਲਕਾਰ ਅਤੇ ਚਿੰਤਕ ਡਾ. ਸੁਰਜੀਤ ਬਰਾੜ ਨੂੰ ਭੇਟ ਕੀਤਾ। ਡਾ. ਬਰਾੜ ਬਾਰੇ ਸਨਮਾਨ ਪੱਤਰ ਮੰਚ ਦੇ ਮੀਡੀਆ ਕੋਆਰਡੀਨੇਟਰ





ਅਮਰ ਘੋਲੀਆ ਨੇ ਪੇਸ਼ ਕੀਤਾ। ਸ੍ਰੀ ਬਰਾੜ ਨੂੰ ਗਿਆਰਾਂ ਹਜ਼ਾਰ ਰੁਪਏ, ਸ਼ਾਨਦਾਰ ਸਨਮਾਨ ਚਿੰਨ੍ਹ ਅਤੇ ਲੋਈ ਭੇਟ ਕੀਤੀ ਗਈ। ਮੰਚ ਵੱਲੋਂ ਗਿਆਰਾਂ ਹਜ਼ਾਰ ਦਾ ਤੀਜਾ ਸਨਮਾਨ ਨੰਗਲ ਤੋਂ ਆਏ ਸ਼ਾਇਰ ਬਲਵੀਰ ਸਿੰਘ ਸੈਣੀ ਦਾ ਕੀਤਾ ਗਿਆ। ਇਹ ਸਨਮਾਨ ਨਾਮਵਰ ਸ਼ਾਇਰ ਸਵ: ਗੁਰਚਰਨ ਸਿੰਘ ਤਖਤਰ ਦੀ ਯਾਦ ਵਿਚ ਉਹਨਾਂ ਦੇ ਪਰਵਾਰ ਵੱਲੋਂ ਸਥਾਪਤ ਕੀਤਾ ਗਿਆ ਹੈ। ਸ੍ਰੀ ਸੈਣੀ ਬਾਰੇ ਸਨਮਾਨ ਪੱਤਰ ਗੁਰਚਰਨ ਸਿੰਘ ਤਖਤਰ ਦੀ ਬੇਟੀ ਏਕਤਾ ਸਿੰਘ ਭੂਪਾਲ ਨੇ ਪੇਸ਼ ਕੀਤਾ।

ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਮੋਗਾ ਨੇ ਜ਼ਿਲ੍ਹਾ ਮੋਗਾ ਵਿਚ ਸਾਹਿਤਕ ਜਥੇਬੰਦੀਆਂ ਵੱਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਦੀ ਸ਼ਲਾਘਾ ਕੀਤੀ। ਮੰਚ ਵੱਲੋਂ ਲੰਮੀ ਸਾਹਿਤਕ ਘਾਲਣਾ ਵਾਲੇ ਸ਼ਾਇਰ ਜੀਵਨ ਸਿੰਘ ਹਾਣੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

# ਸਮਕਾਲ

## ਸ਼ਬਦ : ਸਪਲੀਮੈਂਟ 36

ਪਿਛਲੇ ਸਮੇਂ ਤੋਂ ਸ਼ਬਦ ਵਾਲੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕਰਦੇ ਆ ਰਹੇ ਹਨ। ਇਹ ਵਿਸ਼ੇਸ਼ ਲੇਖਕ ਜਾਂ ਸਾਹਿਤ ਦੀ ਇੱਕ ਵਿਧਾ/ਲਹਿਰ ਬਾਰੇ ਹੁੰਦੇ ਹਨ। ਇਸ ਵਾਰ ਇਹ ਵਿਸ਼ੇਸ਼ ਸਪਲੀਮੈਂਟ ਪਰਵਾਸੀ ਪੰਜਾਬੀ ਸਾਹਿਤ ਆਲੋਚਨਾ ਵਿਸ਼ੇਸ਼ ਅੰਕ ਹੈ। ਪਰਵਾਸੀ ਸਾਹਿਤ ਦੇ ਮਿਆਰ, ਉਸ ਦੇ ਹਾਣ ਦੀ ਆਲੋਚਨਾ ਨਾ ਹੋ ਸਕਣ ਦਾ ਗਿਲਾ, ਮੁੱਖ ਧਾਰਾ ਦੇ ਸਾਹਿਤ ਵਿੱਚ ਸ਼ਾਮਲ ਕਰਕੇ ਪੜਚੋਲ ਨਾ ਕਰਨ ਦਾ ਗਿਲਾ ਮੁੱਖ ਸੰਪਾਦਕ ਦੇ ਕਾਲਮ 'ਮੇਰਾ ਪੰਨਾ' ਵਿੱਚ




ਦੇਖਿਆ ਜਾ ਸਕਦਾ ਹੈ। ਮੁੱਖ ਸੰਪਾਦਕ ਕਿਉਂ ਜੋ ਆਪ ਸਥਾਪਤ ਪਰਵਾਸੀ ਗ਼ਲਪਕਾਰ ਹੈ, ਇਸ ਕਰਕੇ ਉਹ ਸਾਹਿਤ ਸਿਰਜਣਾ ਅਤੇ ਸਮੀਖਿਆ ਨੂੰ ਬਾਰੀਕੀ ਨਾਲ ਦੇਖਣ/ਪਰਖਣ ਦੀ ਸੂਝ ਰੱਖਦਾ ਹੈ। ਪਰਵਾਸੀ ਆਲੋਚਨਾ ਦੇ ਪਰਪੱਕ ਨਾਵਾਂ ਵਿੱਚ ਉਹ ਸਵਰਨ ਚੰਦਨ ਅਤੇ ਡਾ. ਦਵਿੰਦਰ ਕੌਰ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਉੱਥੇ ਵਸਦੇ ਸ਼ਾਇਰ/ਚਿੰਤਕ ਨਿਰੰਜਨ ਨੂਰ ਦਾ ਜ਼ਿਕਰ ਨਹੀਂ ਕਰਦਾ। ਉਸ ਨੇ ਪਰਵਾਸੀ ਸਾਹਿਤ ਬਾਰੇ ਕੁਝ ਇੱਕ ਮੁੱਢਲੀਆਂ ਧਾਰਨਾਵਾਂ ਬਾਰੇ ਕਈ ਭਰਮ-ਭੁਲੇਖੇ ਦੂਰ ਕੀਤੇ ਸਨ। ਨਸਲਵਾਦ, ਝੂਹੇਰਵੇ, ਸੱਭਿਆਚਾਰਕ ਤਣਾਓ, ਪੀੜ੍ਹੀ ਪਾੜਾ ਆਦਿ ਮਸਲਿਆਂ ਬਾਰੇ ਉਸ ਦੀ ਪੀਢੀ ਸਮਝ ਸੀ। ਉਹ ਉੱਚ ਪਾਏ ਦਾ ਸ਼ਾਇਰ ਵੀ ਸੀ। ਡਾ. ਹਰਿਭਜਨ ਸਿੰਘ ਨੇ ਪਰਵਾਸੀ ਸ਼ਾਇਰਾਂ ਵਿੱਚ ਵੱਡੇ ਨਾਂਅ ਰਹੇ ਅਵਤਾਰ ਜੰਡਿਆਲਵੀ ਅਤੇ ਜਗਤਾਰ ਢਾਅ ਦੀ ਸ਼ਾਇਰੀ ਪੜ੍ਹਦਿਆਂ ਜਿਹੜੀਆਂ ਧਾਰਨਾਵਾਂ ਪਰਵਾਸੀ ਪੰਜਾਬੀ ਸਾਹਿਤ ਦੀਆਂ ਸਥਾਪਤ ਕੀਤੀਆਂ ਸਨ, ਗੰਭੀਰ ਪਾਠਕਾਂ ਨੂੰ ਉਹ ਅੱਜ ਵੀ ਟੁੰਬ ਰਹੀਆਂ ਹਨ। ਉਂਜ ਪਰਵਾਸੀ ਪੰਜਾਬੀ ਸਾਹਿਤ ਵਿੱਚ ਕਾਫ਼ੀ ਕੰਮ ਹੋਇਆ ਅਤੇ ਹੋ ਰਿਹਾ ਹੈ। ਪੰਜਾਬ ਦੀ ਇੱਕ ਸਰਕਾਰੀ ਯੂਨੀਵਰਸਿਟੀ ਵਿੱਚ ਰਹੇ ਵਾਈਸ ਚਾਂਸਲਰ ਵੱਲੋਂ ਇਸ ਨੂੰ ਇੱਕ ਵੱਖਰੇ ਖਾਨੇ ਵਿੱਚ ਰੱਖ ਕੇ ਵਿਚਾਰਨ ਦੀ ਜੋ ਪਿਰਤ ਪਾਈ ਹੈ ਉਹ ਇਸ ਦੇ ਇਤਿਹਾਸ ਦਾ ਮਹੱਤਵਪੂਰਨ ਹਿੱਸਾ ਬਣਦੀ ਹੈ। ਇਹ ਲਹਿਰ ਵਿੱਚ ਬਹੁਤ ਕੁਝ ਚੰਗਾ ਵੀ ਸ਼ਾਮਲ ਹੈ, ਭਾਵੇਂ ਕੁਝ ਵਿਦਵਾਨਾਂ ਦੀ ਰਾਇ ਹੈ ਕਿ ਇਸ ਲਹਿਰ ਵਿੱਚ ਕੁਝ ਅਲੇਖਕ ਵੀ ਸ਼ਾਮਲ ਹੋ ਗਏ, ਅਜਿਹਾ ਹੀ ਮੁੱਖ ਧਾਰਾ ਦੇ ਪੰਜਾਬੀ ਸਾਹਿਤ ਬਾਰੇ ਵੀ ਕੁਝ ਲੋਕ ਕਹਿ ਰਹੇ ਹਨ। ਇਸ ਅੰਕ ਦੇ ਮਹਿਮਾਨ ਸੰਪਾਦਕ ਡਾ. ਗੁਰਬੀਰ ਸਿੰਘ ਬਰਾੜ ਹਨ। ਉਨ੍ਹਾਂ ਨੇ ਕਾਫ਼ੀ ਮਿਹਨਤ ਕੀਤੀ ਲਗਦੀ ਹੈ। ਇਸ ਪੁਸਤਕਨੁਮਾ ਅੰਕ ਵਿੱਚ 46 ਆਲੋਚਨਾਤਮਕ ਲੇਖ ਹਨ, ਜੋ ਪਰਵਾਸ ਧਾਰਨ ਕਰ ਗਏ ਲੇਖਕਾਂ ਦੀਆਂ ਵਿਭਿੰਨ ਰਚਨਾਵਾਂ ਜਾਂ ਪਰਵਾਸ ਦੀਆਂ ਵੱਖ-ਵੱਖ ਲਹਿਰਾਂ ਬਾਰੇ ਗੱਲ ਕਰਦੇ ਹਨ। ਭਾਵੇਂ ਇਨ੍ਹਾਂ ਵਿੱਚੋਂ ਕਾਫ਼ੀ ਲੇਖ ਪਹਿਲਾਂ ਵੀ ਕੁਝ ਪੁਸਤਕਾਂ ਜਾਂ ਪਰਚਿਆਂ ਵਿੱਚ ਛਪ ਚੁੱਕੇ ਹਨ, ਇਨ੍ਹਾਂ ਦੀ ਪੁਨਰ-ਪੇਸ਼ਕਾਰੀ ਇਸ ਵਿਸ਼ੇ ਦੇ ਖੋਜਾਰਥੀਆਂ ਲਈ ਲਾਹੇਵੰਦ ਰਹੇਗੀ। ਪੰਨੇ : 392, ਮੁੱਲ : 250 ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਰਕ : 984, ਮਾਡਲ ਹਾਊਸ ਜਲੰਧਰ 144003, (ਮੋ.) 98148-03254

## ਸੁਰਖ ਲੀਹ : ਨਵੰਬਰ-ਦਸੰਬਰ 2023




ਇਸ ਅੰਕ ਦੇ ਮੁੱਖ ਪੰਨੇ 'ਤੇ 'ਫਲਸਤੀਨ ਜ਼ਿੰਦਾਬਾਦ' ਅੰਕਿਤ ਕਰਕੇ ਉਥੋਂ ਦੇ ਲੋਕਾਂ ਨਾਲ ਇਕਜੁਟਤਾ ਪ੍ਰਗਟ ਕਰਨ ਦਾ ਯਤਨ ਹੋਇਆ ਹੈ। ਸੰਪਾਦਕੀਨੁਮਾ ਲੇਖ ਨਿਊਜ਼ ਕਲਿਕ ਉਤੇ ਹੋ ਰਹੇ ਮੋਦੀ ਹਮਲਿਆਂ ਦਾ ਵਿਸਥਾਰ ਵਿੱਚ ਜ਼ਿਕਰ ਹੋਇਆ ਹੈ। ਪੰਜਾਬ ਵਿੱਚ ਨਿਊਜ਼ ਕਲਿਕ ਦੇ ਹੱਕ ਵਿੱਚ ਉਠੀ ਆਵਾਜ਼ ਦਾ ਵਿਸ਼ੇਸ਼ ਜ਼ਿਕਰ ਹੈ। ਫਲਸਤੀਨ ਦੇ ਹੋ ਰਹੇ ਘਾਣ ਬਾਰੇ ਅੰਦਰ ਕੁਝ ਲੇਖ ਵੀ ਹਨ। ਭਾਰਤ-ਕੈਨੇਡਾ ਸੰਬੰਧ, ਦਰਿਆਈ ਪਾਣੀਆਂ ਦਾ ਮਸਲਾ, ਔਰਤ ਰਾਖਵਾਂਕਰਨ ਬਿੱਲ, ਭਾਰਤੀ ਆਰਥਿਕਤਾ ਬਾਰੇ ਲੇਖਾਂ ਦੇ ਨਾਲ ਕੁਝ ਸੂਚਨਾਵਾਂ ਅਤੇ ਸਰਗਰਮੀਆਂ ਵੀ ਦਰਜ ਹਨ।

ਪੰਨੇ : 62, ਮੁੱਲ : 30 ਰੁਪਏ

ਸੰਪਾਦਕ : ਪਵੇਲ, ਸੰਪਰਕ : ਨਕਈ ਵਾਲੀ ਪਹੀ ਪੁੱਡਾ ਕਾਲੋਨੀ, ਗਾਂਧੀ ਨਗਰ ਰਾਮਪੁਰਾ ਫੂਲ 151103 ਜ਼ਿਲ੍ਹਾ ਬਠਿੰਡਾ, (ਮੋ.) 94785-84925

*- ਹਰਜਿੰਦਰ ਅਟਵਾਲ (ਡਾ.)*

# 'ਅੰਮ੍ਰਿਤ ਕਾਲ ਤੱਕ' ਦਾ ਲੋਕ-ਅਰਪਣ ਤੇ ਵਿਚਾਰ-ਚਰਚਾ

**ਹੁਸ਼ਿਆਰਪੁਰ** : ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਹੁਸ਼ਿਆਰਪੁਰ ਵਲੋਂ ਸਾਂਝੇ ਤੌਰ 'ਤੇ ਸ਼ਾਇਰ ਨਵਤੇਜ ਗੜ੍ਹਦੀਵਾਲ਼ਾ ਦੇ ਤੀਜੇ ਕਾਵਿ ਸੰਗ੍ਰਹਿ 'ਅੰਮ੍ਰਿਤ ਕਾਲ ਤੱਕ' ਦਾ ਲੋਕ ਅਰਪਣ ਅਤੇ ਗੋਸ਼ਟੀ ਸਮਾਗਮ ਮਿੰਨੀ ਸਕੱਤਰੇਤ ਦਫ਼ਤਰ ਭਾਸ਼ਾ ਵਿਭਾਗ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਹਰਜਿੰਦਰ ਅਟਵਾਲ, ਡਾ. ਸੁਰਜੀਤ ਜੱਜ, ਡਾ. ਜੇ.ਬੀ.ਸੇਖੋਂ, ਸਾਂਵਲ ਧਾਮੀ, ਮਦਨ ਵੀਰਾ ਅਤੇ ਡਾ. ਜਸਵੰਤ ਰਾਏ ਨੇ ਕੀਤੀ। ਪੁਸਤਕ ਲੋਕ-ਅਰਪਣ ਉਪਰੰਤ ਜੀ ਆਇਆਂ ਸ਼ਬਦ ਆਖਦਿਆਂ ਮਦਨ ਵੀਰਾ ਨੇ ਨਵਤੇਜ ਗੜ੍ਹਦੀਵਾਲਾ ਦੇ ਕਾਵਿ ਜਗਤ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਹ ਸਾਂਝੀਆਂ ਧੁੰਨਾਂ ਦੀ ਕਵਿਤਾ ਹੈ। ਪ੍ਰਸਿੱਧ ਗਲਪ ਆਲੋਚਕ ਡਾ. ਜੇ.ਬੀ. ਸੇਖੋਂ ਨੇ ਪੰਜਾਬ ਦੇ ਇਤਿਹਾਸ ਨੂੰ ਮੁਸ਼ਤਰਕਾ ਇਤਿਹਾਸ ਕਹਿੰਦਿਆਂ ਕਿਹਾ ਕਿ ਪੰਜਾਬੀ ਕਵਿਤਾ ਦਰਬਾਰੀ ਕਵਿਤਾ ਨਹੀਂ ਸਗੋਂ ਵਿਦਰੋਹੀ ਕਵਿਤਾ ਹੈ ਅਤੇ ਨਵਤੇਜ ਦੀ ਕਵਿਤਾ ਇਸ ਵਿਦਰੋਹ ਦੀ ਕਵਿਤਾ ਦਾ ਹੀ ਇੱਕ ਅੰਗ ਹੈ। ਪ੍ਰੋ. ਸੁਰਜੀਤ ਜੱਜ ਨੇ 'ਅੰਮ੍ਰਿਤ ਕਾਲ ਤੱਕ' ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਦੀਆਂ ਉਦਾਹਰਣਾਂ ਦਿੰਦਿਆਂ ਕਿਹਾ ਕਿ ਸਹਿਜ ਨਾਲ ਚੱਲਣ ਵਾਲੀ ਕਵਿਤਾ ਜ਼ਿਆਦਾ ਪ੍ਰਭਾਵਿਤ ਕਰਦੀ ਹੈ, ਕਿਉਂਕਿ ਇਹ ਚੇਤਨਾ ਜਗਾਉਂਦੀ ਹੈ। ਇਹ ਨਾਅਰਿਆਂ ਤੋਂ ਪਾਰ ਦੀ ਕਵਿਤਾ ਹੈ।ਡਾ. ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਨਵਤੇਜ ਦੀ ਕਵਿਤਾ ਸਵਾਲ ਕਰਦੀ ਹੈ। ਇਹ ਰਾਜਨੀਤਕ ਚੇਤਨਾ ਦੀ ਕਵਿਤਾ ਹੈ। ਨਵਤੇਜ ਦੀ ਕਵਿਤ ਦਾ ਨਾਇਕ ਆਜੋਕੇ ਦੌਰ ਵਿੱਚ ਸ਼ਬਦਾਂ ਦੇ ਹਥਿਆਰਾਂ ਨਾਲ ਲੜਨ ਲਈ ਜੂਝ ਰਿਹਾ ਹੈ। ਪ੍ਰੋ. ਕੇਵਲ ਕਲੋਟੀ, ਪ੍ਰੋ. ਸ਼ਾਮ ਸਿੰਘ, ਸਤੀਸ਼ ਰਾਣਾ, ਅਮਰੀਕ ਡੋਗਰਾ ਨੇ ਸੰਵਾਦ ਨੂੰ ਅੱਗੇ ਤੋਰਦਿਆਂ ਨਵਤੇਜ ਦੀ ਸ਼ਾਇਰੀ ਨੂੰ ਕਣੀ ਵਾਲੀ ਸ਼ਾਇਰੀ ਕਿਹਾ ਜਿਹੜੀ ਸਦਾ ਮਾਤੜ੍ਹ ਦੀ ਬਾਂਹ ਫੜਦੀ ਹੈ ਅਤੇ ਜਾਬਰ ਨਾਲ ਟੱਕਰ ਲੈਣ ਦੀ ਪ੍ਰੇਰਨਾ ਦਿੰਦੀ ਹੈ।ਨਵਤੇਜ ਨੇ ਇਤਿਹਾਸ ਅਤੇ ਮਿਥਿਹਾਸ ਵਿੱਚੋਂ ਘਟਨਾਵਾਂ ਨੂੰ ਲੈ ਕੇ ਇਨ੍ਹਾਂ ਨੂੰ ਸਮਕਾਲੀ ਵਰਤਾਰਿਆਂ ਨਾਲ ਜੋੜ ਕੇ ਬਹੁਤ ਭਾਵਪੂਰਤ ਪੇਸ਼ਕਾਰੀ ਕੀਤੀ ਹੈ।ਭਾਸ਼ਾ ਵਿਭਾਗ ਅਤੇ ਪ੍ਰਗਤੀਸ਼ੀਲ਼ ਲੇਖਕ ਸੰਘ ਵਲੋਂ ਡਾ. ਅਟਵਾਲ, ਪ੍ਰੋ ਸੁਰਜੀਤ ਜੱਜ, ਡਾ. ਜੇ.ਬੀ. ਸੇਖੋਂ, ਸਾਂਵਲ ਧਾਮੀ, ਨਵਤੇਜ ਗੜ੍ਹਦੀਵਾਲ਼ਾ ਅਤੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਹਰਦੇਵ ਸਿੰਘ ਆਸੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਧੰਨਵਾਦੀ ਸ਼ਬਦ ਸਾਬਕਾ ਲੋਕ ਸੰਪਰਕ ਅਧਿਕਾਰੀ ਪ੍ਰੋ. ਬਲਦੇਵ ਬੱਲੀ ਨੇ ਆਪਣੀਆਂ ਸਾਰਥਕ ਟਿੱਪਣੀਆਂ ਦਿੰਦਿਆਂ ਆਖੇ।ਸਮਾਗਮ ਦੌਰਾਨ ਸਟੇਜ ਦੀ ਸਮੁਚੀ ਕਾਰਵਾਈ ਡਾ. ਜਸਵੰਤ ਰਾਏ ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਸਾਹਿਤਕਾਰ ਦਰਸ਼ਨ ਸਿੰਘ ਦਰਸ਼ਨ, ਸੁਰਿੰਦਰ ਸਿੰਘ ਨੇਕੀ, ਜਸਬੀਰ ਸਿੰਘ ਧੀਮਾਨ, ਬਲਜਿੰਦਰ ਮਾਨ, ਸੁਖਵੰਤ ਸੁਖਮਨ, ਸੁਰਿੰਦਰ ਕੰਗਵੀ, ਰਾਜ ਕੁਮਾਰ ਘਾਸੀਪੁਰੀਆ, ਹਰਜਿੰਦਰ ਹਰਗੜ੍ਹੀਆ, ਲੋਕੇਸ਼ ਕੁਮਾਰ ਚੋਬੇ, ਕੁਲਤਾਰ ਸਿੰਘ ਕੁਲਤਾਰ, ਅਜੇ ਕੁਮਾਰ, ਕੁਲਦੀਪ ਸਿੰਘ, ਪ੍ਰੋ. ਗੁਰਦਿਆਲ ਸਿੰਘ ਫੁਲ, ਸਿਮਰਜੀਤ ਸ਼ੰਮੀ, ਪ੍ਰਿੰਸੀਪਲ ਗੁਰਾਂਦਾਸ, ਜਰਨੈਲ ਸਿੰਘ ਘੁੰਮਣ, ਨਵਨੀਤ ਸਿੰਘ, ਮਨਸੀਰਤ ਕੌਰ, ਨੂਰੰਸ਼ਦੀਪ ਕੌਰ, ਲਾਲ ਸਿੰਘ, ਸੁਰਿੰਦਰਪਾਲ ਅਤੇ ਪੁਸ਼ਪਾ ਰਾਣੀ ਹਾਜ਼ਰ ਸਨ।



# ਕੇਂਦਰੀ ਸਭਾ ਵੱਲੋਂ ਲਾਇਬ੍ਰੇਰੀਆਂ ਖੋਲ੍ਹਣ ਦੇ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ** : ਪੰਜਾਬ ਸਰਕਾਰ ਵੱਲੋਂ ਹਰ ਵਿਧਾਨ ਸਭਾ ਹਲਕੇ 'ਚ ਛੇ -ਛੇ ਜਨਤਕ ਲਾਇਬ੍ਰੇਰੀਆਂ ਖੋਲ੍ਹੇ ਜਾਣ ਦੇ ਫੈਸਲੇ ਦਾ ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਸਵਾਗਤ ਕੀਤਾ ਹੈ।ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਡਾ. ਹਰਜਿੰਦਰ ਸਿੰਘ ਅਟਵਾਲ ਦੇ ਹਵਾਲੇ ਨਾਲ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਜਾਰੀ ਬਿਆਨ ਵਿਚ ਸਰਕਾਰ ਵੱਲੋਂ ਲੋਕਾਂ ਨੂੰ ਪੁਸਤਕਾਂ ਸੰਗ ਜੋੜਨ ਲਈ ਲਾਇਬ੍ਰੇਰੀਆਂ ਪ੍ਰਤੀ ਲਏ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਲਾਇਬ੍ਰੇਰੀਆਂ ਲਈ ਮਿਆਰੀ ਪੁਸਤਕਾਂ ਲੇਖਕਾਂ ਕੋਲੋਂ ਵੀ ਖਰੀਦੀਆਂ ਜਾਣ ਤਾਂ ਪੱਲਿਓਂ ਪੈਸੇ ਖਰਚ ਕੇ ਕਿਤਾਬ ਛਪਵਾਉਣ ਵਾਲੇ ਲੇਖਕ ਦੀ ਆਰਥਕ ਮਦਦ ਹੋ ਸਕੇ।ਉਹਨਾਂ ਕਿਹਾ ਕਿ ਪੰਜਾਬ ਅੰਦਰ ਪਹਿਲਾਂ ਤੋਂ ਹੀ ਚੱਲ ਰਹੀਆਂ ਪਬਲਿਕ ਲਾਇਬਰੇਰੀਆਂ, ਜਿਹਨਾਂ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਮੁਲਵਾਨ ਪੁਸਤਕਾਂ, ਹੱਥ-ਲਿਖਤਾਂ ਅਤੇ ਖਰੜੇ ਮੌਜੂਦ ਹਨ। ਪੰਜਾਬ ਦੀਆਂ ਇਹਨਾਂ ਇਕ-ਦੋ ਲਾਇਬ੍ਰੇਰੀਆਂ ਨੂੰ ਛੱਡ ਕੇ ਬਾਕੀ ਲਾਇਬ੍ਰੇਰੀਅਨ ਅਤੇ ਹੋਰ ਸਟਾਫ ਤੋਂ ਸੱਖਣੀਆਂ ਹਨ ਅਤੇ ਬਿਲਡਿੰਗਾਂ ਵੀ ਰੱਖ-ਰਖਾਵ ਦੀ ਮੰਗ ਕਰਦੀਆਂ ਹਨ। ਲੇਖਕ ਆਗੂਆਂ ਨੇ ਕਿਹਾ ਕਿ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਸਮੁੱਚੇ ਪੰਜਾਬ ਦੀਆਂ ਲਾਇਬ੍ਰੇਰੀਆਂ ਦੇ ਸਟਾਫ ਦੀ ਪੱਕੀ ਭਰਤੀ ਕਰਨੀ ਚਾਹੀਦੀ ਹੈ, ਤਾਂ ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਹੋਰ ਵਿਦਿਅਕ ਅਦਾਰੇ ਜਿੱਥੋਂ ਬੈਚਲਰ ਆਫ ਲਾਇਬ੍ਰੇਰੀ ਸਾਇੰਸ ਅਤੇ ਮਾਸਟਰ ਆਫ ਲਾਇਬ੍ਰੇਰੀ ਸਾਇੰਸ ਵਰਗੀ ਉਚ ਸਿੱਖਿਆ ਪ੍ਰਾਪਤ ਬੇਰੁਜ਼ਗਾਰਾਂ ਨੂੰ ਆਪਣੇ ਸੂਬੇ ਵਿਚ ਰੁਜ਼ਗਾਰ ਮਿਲ ਸਕੇ। ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ, ਸ਼ੇਲਿੰਦਰਜੀਤ ਰਾਜਨ, ਬਲਵਿੰਦਰ ਸੰਧੂ, ਦਲਜੀਤ ਸਿੰਘ ਸਾਹੀ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਮੂਲ ਚੰਦ ਸ਼ਰਮਾ ਅਤੇ ਰਜਿੰਦਰ ਰਾਜਨ ਆਦਿ ਨੇ ਵੀ ਸਰਕਾਰ ਦੇ ਇਸ ਫੈਸਲੇ ਨੂੰ ਸੁਹਿਰਦਤਾ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ।

# 'ਕੌਮਾਂਤਰੀ ਕਲਾਕਾਰ' ਵੱਲੋਂ ਲੇਖਕਾਂ ਦਾ ਸਨਮਾਨ

**ਬਰਨਾਲਾ** : ਕੌਮਾਂਤਰੀ ਕਲਾਕਾਰ ਸੰਗਮ ਪੰਜਾਬ (ਰਜਿ.) ਵੱਲੋਂ ਪੰਜਾਬੀ ਸਾਹਿਤ ਸਭਾ ਬਰਨਾਲਾ ਦੇ ਸਹਿਯੋਗ ਨਾਲ 75ਵਾਂ ਸਾਲਾਨਾ ਸਨਮਾਨ ਸਮਾਗਮ ਕਲਾਕਾਰ ਭਵਨ, ਬਰਨਾਲਾ ਵਿਖੇ ਲੇਖਕਾਂ ਦੀ ਭਰਪੂਰ ਹਾਜ਼ਰੀ ਵਿਚ ਕਰਵਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਬਲਦੇਵ ਸਿੰਘ ਸੜਕਨਾਮਾ ਸਨ। ਪ੍ਰਧਾਨਗੀ ਸੁਰਿੰਦਰ ਰਾਮਪੁਰੀ ਨੇ ਕੀਤੀ। ਉਨ੍ਹਾ ਨਾਲ ਪ੍ਰਧਾਨਗੀ ਮੰਡਲ ਵਿਚ ਸੰਗਮ ਦੇ ਪ੍ਰਧਾਨ ਡਾ. ਜੋਗਿੰਦਰ ਸਿੰਘ ਨਿਰਾਲਾ, ਆਲੋਚਕ ਡਾ. ਸੁਰਜੀਤ ਬਰਾੜ, 'ਕਲਾਕਾਰ' ਦੇ ਸੰਪਾਦਕ ਸ਼੍ਰੋਮਣੀ ਪੰਜਾਬੀ ਸੰਪਾਦਕ ਕੰਵਰਜੀਤ ਭੱਠਲ ਤੇ ਤੇਜਾ ਸਿੰਘ ਤਿਲਕ ਸ਼ਾਮਲ ਸਨ।



ਪ੍ਰੋਗਰਾਮ ਦੇ ਆਰੰਭ ਵਿਚ ਸੰਗਮ ਦੇ ਸਕੱਤਰ ਜਨਰਲ ਕੰਵਰਜੀਤ ਭੱਠਲ ਵੱਲੋਂ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਦੇ ਨਾਲ ਸਨਮਾਨਾਂ ਬਾਰੇ ਚਾਨਣਾ ਪਾਇਆ ਕਿ ਉਹ ਆਪਣੇ ਪੜਦਾਦਾ ਕਰਨਲ ਨਰੈਣ ਸਿੰਘ ਭੱਠਲ ਦੀ ਯਾਦ ਵਿਚ ਹਰ ਸਾਲ ਲੇਖਕਾਂ ਦਾ ਸਨਮਾਨ ਕਰਦੇ ਆ ਰਹੇ ਹਨ। ਇਸ ਵਾਰ 2023 ਦਾ ਪੁਰਸਕਾਰ ਪੰਜਾਬੀ ਦੇ ਨਾਮਵਰ ਕਹਾਣੀਕਾਰ ਗੁਰਦਿਆਲ ਦਲਾਲ ਨੂੰ ਪ੍ਰਦਾਨ ਕੀਤਾ ਗਿਆ, ਜਿਸ ਵਿਚ 21,000 ਰੁਪਏ ਨਗਦ, ਸਨਮਾਨ ਪੱਤਰ, ਦੋਸ਼ਾਲਾ ਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ। ਦਲਾਲ ਬਾਰੇ ਚਾਨਣਾ ਸੁਰਿੰਦਰ ਰਾਮਪੁਰੀ ਨੇ ਪਾਇਆ। ਸਨਮਾਨ ਪੱਤਰ ਡਾ. ਅਮਨਦੀਪ ਟੱਲੇਵਾਲੀਆ ਨੇ ਪੜ੍ਹਿਆ, ਦੂਸਰਾ ਸਨਮਾਨ ਸ਼ਾਇਰ ਦਮਜੀਤ ਦਰਸ਼ਨ ਦਾ ਕੀਤਾ ਗਿਆ, ਜਿਨ੍ਹਾਂ ਨੂੰ 17ਵਾਂ ਭਾਈ ਘਨੱਈਆ ਨਿਸ਼ਕਾਮ ਸੇਵਾ ਸਨਮਾਨ ਨਾਲ ਨਿਵਾਜਿਆ ਗਿਆ। ਉਨ੍ਹਾ ਦਾ ਸਨਮਾਨ ਪੱਤਰ ਕੰਵਰਜੀਤ ਭੱਠਲ ਵੱਲੋਂ ਪੜ੍ਹਿਆ ਗਿਆ। ਦਮਜੀਤ ਦੀ ਸ਼ਖ਼ਸੀਅਤ ਬਾਰੇ ਜਸਪਾਲ ਮਾਨਖੇੜਾ ਨੇ ਤੱਥ ਪੇਸ਼ ਕੀਤੇ। ਸੰਗਮ ਵੱਲੋਂ ਸਮਾਗਮ ਵਿਚ ਜਿਨ੍ਹਾਂ ਹੋਰ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ, ਉਨ੍ਹਾਂ ਵਿਚ ਸਾਹਿਤਕਾਰ ਅਸ਼ੋਕ ਚੱਟਾਨੀ (ਮੋਗਾ), ਅਨਿਲ ਫਤਿਹਗੜ੍ਹ ਜੱਟਾਂ ਪ੍ਰਧਾਨ ਲਿਖਾਰੀ ਸਭਾ ਰਾਮਪੁਰ, ਗੁਰਸੇਵਕ ਸਿੰਘ ਢਿੱਲੋਂ ਭੈਣੀ ਸਾਹਿਬ ਅਤੇ ਸੁਰਿੰਦਰ ਰਾਮਪੁਰੀ ਸ਼ਾਮਲ ਸਨ।

ਸਮਾਗਮ ਦੇ ਅਗਲੇ ਹਿੱਸੇ ਵਿਚ ਤੇਜਾ ਸਿੰਘ ਤਿਲਕ ਵੱਲੋਂ ਸੰਪਾਦਕ ਪੁਸਤਕ 'ਮਾਣਮੱਤਾ ਸੰਪਾਦਕ-ਸਾਹਿਤਕਾਰ ਕੰਵਰਜੀਤ ਭੱਠਲ ਦਾ ਯਾਦਗਾਰੀ ਅਭਿਨੰਦਨ' ਬਾਰੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ, ਜਿਨ੍ਹਾਂ ਵਿਚ ਪ੍ਰਮੁੱਖ ਸਨ ਡਾ. ਸੁਰਜੀਤ ਬਰਾੜ, ਡਾ. ਜੋਗਿੰਦਰ ਨਿਰਾਲਾ, ਡਾ. ਅਮਨਦੀਪ ਟੱਲੇਵਾਲੀਆ, ਡਾ. ਉਜਾਗਰ ਮਾਨ, ਭੋਲਾ ਸਿੰਘ ਸੰਘੇੜਾ ਆਦਿ ਸ਼ਾਮਲ ਸਨ। ਰਾਮ ਸਰੂਪ ਸ਼ਰਮਾ ਅਤੇ ਰਘਬੀਰ ਗਿੱਲ ਕੱਟੂ ਨੇ ਕੰਵਰਜੀਤ ਭੱਠਲ ਬਾਰੇ ਪੁਸਤਕ 'ਚ ਛਪੇ ਕਾਵਿ ਚਿੱਤਰ ਪੇਸ਼ ਕੀਤੇ। ਆਖ਼ਰ ਵਿਚ ਹੋਏ ਕਵੀ ਦਰਬਾਰ 'ਚ ਜਿਨ੍ਹਾਂ ਸ਼ਾਇਰਾਂ ਨੇ ਆਪਣੀ ਸ਼ਾਇਰੀ ਨਾਲ ਰੰਗ ਬਖੇਰੇ, ਉਨ੍ਹਾਂ ਵਿਚ ਰਣਬੀਰ ਰਾਣਾ, ਰਾਮਪਾਲ ਸ਼ਾਹਪੁਰੀ, ਮਾਲਵਿੰਦਰ ਸ਼ਾਇਰ, ਸੁਖਵਿੰਦਰ ਸਨੇਹ, ਅੰਜਨਾ ਮੈਨਨ, ਮਨਦੀਪ ਕੌਰ ਭਦੌੜ, ਗੁਰਜਿੰਦਰ ਰਸੀਆ, ਜਗਤਾਰ ਬੈਂਸ, ਤੇਜਿੰਦਰ ਚੰਡਿਹੋਕ, ਜਗੀਰ ਸਿੰਘ ਦਿਲਬਰ, ਰਜਨੀਸ਼ ਕੌਰ ਬਬਲੀ, ਨਿਰਮਲ ਕਾਹਲੋਂ, ਸਾਗਰ ਸਿੰਘ ਸਾਗਰ, ਮੇਜਰ ਸਿੰਘ ਆਦਿ ਸ਼ਾਮਲ ਹਨ। ਟੱਲੇਵਾਲੀਆ ਕਵੀਸ਼ਰੀ ਜਥੇ ਵੱਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਆਪਣੇ ਪ੍ਰਧਾਨਗੀ ਭਾਸ਼ਣ 'ਚ ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਕੰਵਰਜੀਤ ਭੱਠਲ ਕਿਸੇ ਲਹਿਰ ਨਾਲ ਨਾ ਜੁੜਿਆ ਹੋ ਕੇ ਵੀ ਇਕ ਲਹਿਰ ਹੈ। ਕੌੜਾ, ਕੋਰਾ ਹੋ ਕੇ ਵੀ ਇਕ ਕਿਉੜੇ ਵਾਂਗ ਹੈ।

—ਕੰਵਰਜੀਤ ਭੱਠਲ

# ਜੱਸਾ ਸਿੰਘ ਰਾਮਗੜ੍ਹੀਆ ਬਾਰੇ ਸ਼ਾਹਮੁਖੀ 'ਚ ਪੁਸਤਕ ਲੋਕ ਅਰਪਣ

**ਪਟਿਆਲਾ**-ਪ੍ਰੋ. ਕੇਹਰ ਸਿੰਘ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੁਸਤਕ ਦੇ ਲੋਕ ਅਰਪਣ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਬੋਲਦਿਆਂ ਕਿਹਾ ਕਿ ਸ਼ਾਹਮੁਖੀ ਲਿੱਪੀ ਵਿੱਚ ਇਸ ਪੁਸਤਕ ਦੇ ਪ੍ਰਕਾਸ਼ਤ ਹੋਣ ਨਾਲ ਸੰਸਾਰ ਵਿੱਚ ਸ਼ਾਹਮੁਖੀ ਦੇ ਪਾਠਕਾਂ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਯੋਗਦਾਨ ਬਾਰੇ ਜਾਣਕਾਰੀ ਮਿਲ ਜਾਵੇਗੀ। ਉਹ ਉਨ੍ਹਾਂ ਦੇ ਜੀਵਨ ਤੋਂ ਖੁਦਮੁਖਤਾਰੀ ਅਤੇ ਸਵੈਮਾਣ ਨਾਲ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਲੈ ਸਕਣਗੇ। ਡਾ. ਕੇਹਰ ਸਿੰਘ ਨੇ ਕਿਹਾ ਕਿ ਧਾਰਮਿਕ ਵੰਡੀਆਂ ਨੇ ਜ਼ੁਬਾਨ ਨੂੰ ਨੁਕਸਾਨ ਪਹੁੰਚਾਇਆ ਹੈ। ਪੁਸਤਕ ਦਾ ਲੋਕ ਅਰਪਣ ਡਾ. ਕੇਹਰ ਸਿੰਘ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਡਾ. ਬਲਕਾਰ ਸਿੰਘ ਸਿੱਖ ਵਿਦਵਾਨ ਅਤੇ ਡਾ. ਭੀਮਇੰਦਰ ਸਿੰਘ ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਨੇ ਸਾਂਝੇ ਤੌਰ 'ਤੇ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਕ ਸਮਾਗਮ ਵਿੱਚ ਕੀਤਾ। ਡਾ. ਭੀਮਇੰਦਰ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਦੀ ਬਹਾਦਰੀ ਦੀ ਪੰਜਾਬੀਆਂ ਨੂੰ ਕਦਰ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਪੰਜਾਬ ਵਿੱਚ ਸਿੱਖ ਰਾਜ ਸਥਾਪਤ ਕਰਨ ਦਾ ਮੁੱਢ ਬੰਨ੍ਹਿਆ ਸੀ। ਉਨ੍ਹਾ ਇਹ ਵੀ ਕਿਹਾ ਕਿ ਪੁਸਤਕ ਖੋਜਾਰਥੀ ਵਿਦਿਆਰਥੀਆਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਹ ਪੁਸਤਕ ਉਨ੍ਹਾਂ ਲਈ ਸਹਾਇਕ ਸਾਬਤ ਹੋਵੇਗੀ। ਡਾ. ਦਰਸ਼ਨ ਸਿੰਘ ਆਸ਼ਟ ਨੇ ਇਸ ਪੁਸਤਕ 'ਤੇ ਕੀ ਨੋਟ ਭਾਸ਼ਣ ਪੜ੍ਹਦਿਆਂ ਕਿਹਾ ਕਿ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਸਿੱਖ ਵਿਰਾਸਤ ਦੀਆਂ ਪ੍ਰਮਾਣਿਤ ਪਰੰਪਰਾਵਾਂ ਅਤੇ ਸੰਘਰਸ਼ਮਈ ਇਤਿਹਾਸਕ ਘਾਲਣਾਵਾਂ ਨੂੰ ਇਤਿਹਾਸਕ ਪਰਿਪੇਖ ਤੋਂ ਲਿਖ ਕੇ ਬਿਹਤਰੀਨ ਕਾਰਜ ਕੀਤਾ ਹੈ, ਜਿਸ 'ਤੇ ਸਿੱਖ ਜਗਤ ਨੂੰ ਹਮੇਸ਼ਾ ਮਾਣ ਰਹੇਗਾ। ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਫ਼ਾਊਂਡਰ ਤੇ ਰੂਹੇ ਰਵਾਂ ਜੈਤੇਗ ਸਿੰਘ ਅਨੰਤ ਨੇ ਆਪਣੇ ਇਕ ਸੰਦੇਸ਼ ਵਿੱਚ ਕਿਹਾ ਕਿ ਸ਼ਾਹਮੁਖੀ ਲਿੱਪੀ ਵਾਲੀ ਇਹ ਪੁਸਤਕ ਲਹਿੰਦੇ ਪੰਜਾਬ ਦੇ ਆਲਮੀ ਤੇ ਅਦਬੀ ਜਗਤ ਲਈ ਲਾਹੇਵੰਦ ਸਾਬਤ ਹੋਵੇਗੀ। ਲਹਿੰਦੇ ਪੰਜਾਬ ਦੇ 13 ਕਰੋੜ ਪੰਜਾਬੀ ਜੱਸਾ ਸਿੰਘ ਰਾਮਗੜ੍ਹੀਆ ਦੇ ਜੱਦੋਜਹਿਦ ਵਾਲੇ ਜੀਵਨ ਤੋਂ ਪ੍ਰੇਰਨਾ ਲੈ ਸਕਣਗੇ। ਇਸ ਮੌਕੇ ਡਾ. ਭੀਮਇੰਦਰ ਸਿੰਘ ਨੇ ਡਾ. ਬਲਕਾਰ ਸਿੰਘ, ਡਾ. ਕੇਹਰ ਸਿੰਘ, ਡਾ. ਦਰਸ਼ਨ ਸਿੰਘ ਆਸ਼ਟ, ਇੰਜ. ਜੋਤਿੰਦਰ ਸਿੰਘ, ਦਲੀਪ ਸਿੰਘ ਉਪਲ, ਅਵਤਾਰ ਸਿੰਘ ਨੂੰ ਸਨਮਾਨਤ ਕੀਤਾ।




# 'ਕੌਮਾਂਤਰੀ ਕਲਾਕਾਰ' ਵੱਲੋਂ ਸਾਹਿਤਕ ਮਿਲਣੀ

**ਬਰਨਾਲਾ**-ਕੌਮਾਂਤਰੀ ਕਲਾਕਾਰ ਸੰਗਮ, ਪੰਜਾਬ ਰਜਿ. ਦੀ ਇਕ ਸਾਹਿਤਕ ਮਿਲਣੀ ਸਾਬਕਾ ਐੱਮ.ਪੀ. ਐਡਵੋਕੇਟ ਰਾਜਦੇਵ ਸਿੰਘ ਖਾਲਸਾ ਦੀ ਰਿਹਾਇਸ਼ 'ਤੇ ਕੀਤੀ ਗਈ, ਜਿਸ ਵਿਚ ਬਰਨਾਲਾ ਦੀਆਂ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਪੁੱਜੀਆਂ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਸੰਤ ਬਲਬੀਰ ਸਿੰਘ ਘੁੰਨਸ ਵੀ ਸ਼ਾਮਲ ਹੋਏ। ਇਸ ਮੌਕੇ ਤੇਜਾ ਸਿੰਘ ਤਿਲਕ ਪ੍ਰਧਾਨ ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਸੰਪਾਦਿਤ ਪੁਸਤਕ 'ਮਾਣਮੱਤਾ ਸੰਪਾਦਕ, ਸਾਹਿਤਕਾਰ ਕੰਵਰਜੀਤ ਭੱਠਲ ਦਾ ਯਾਦਗਾਰੀ ਅਭਿਨੰਦਨ' ਰਾਜਦੇਵ ਸਿੰਘ ਖਾਲਸਾ ਜੀ ਨੂੰ ਤਿਲਕ ਤੇ ਭੱਠਲ ਵੱਲੋਂ ਭੇਟ ਕੀਤਾ ਗਿਆ। ਕਲਾਕਾਰ ਦਾ 142ਵਾਂ ਅੰਕ ਸੰਤ ਘੁੰਨਸ ਜੀ ਨੂੰ ਭੇਟ ਕੀਤਾ ਗਿਆ। ਪੁਸਤਕ ਬਾਰੇ ਤੇਜਾ ਸਿੰਘ ਤਿਲਕ ਨੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਸ ਪੁਸਤਕ ਵਿਚ ਪੰਜ ਦਰਜਨ ਤੋਂ ਵੱਧ ਵਿਦਵਾਨਾਂ ਨੇ ਕੰਵਰਜੀਤ ਭੱਠਲ ਦੇ ਵਿਅਕਤੀਤਵ ਤੇ ਸ਼ਖ਼ਸੀਅਤ ਬਾਰੇ ਵਿਸਥਾਰ ਸਹਿਤ ਵਰਨਣ ਕੀਤਾ ਹੈ। ਉਹਨਾਂ ਦੀਆਂ ਪਿਛਲੇ 50 ਸਾਲਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਮੌਕੇ ਭੁਪਿੰਦਰ ਸਿੰਘ ਬੇਦੀ, ਮਾਲਵਿੰਦਰ ਸ਼ਾਇਰ, ਲੇਖਕ ਪਾਠਕ ਸਾਹਿਤ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ, ਪ੍ਰਿੰ. ਕਰਮ ਸਿੰਘ ਭੰਡਾਰੀ, ਬਲਵਿੰਦਰ ਸਿੰਘ ਠੀਕਰੀਵਾਲਾ, ਰਘਵੀਰ ਸਿੰਘ ਗਿੱਲ ਕੱਟੂ, ਰਾਮ ਸਰੂਪ ਸ਼ਰਮਾ, ਗੁਰਪ੍ਰੀਤ ਲਾਡੀ ਦਾ ਬੇਟਾ ਪੁਸ਼ਪਿੰਦਰ, ਬੂਟਾ ਸਿੰਘ ਚੌਹਾਨ ਆਦਿ ਹਾਜ਼ਰ ਸਨ।

—ਕੰਵਰਜੀਤ ਭੱਠਲ



# ਪਾਠਕਾਂ ਦੇ ਝਰੋਖੇ 'ਚੋਂ

## ਸੁਖਪਾਲ ਥਿੰਦ ਨਾਲ ਮੁਲਾਕਾਤ

3 ਦਸੰਬਰ ਦੇ ਐਤਵਾਰਤਾ ਵਿਚ 'ਪੈੜਾਂ' ਤਹਿਤ ਕਹਾਣੀਕਾਰ ਸੁਖਪਾਲ ਸਿੰਘ ਥਿੰਦ ਨਾਲ ਡਾ. ਬਲਵਿੰਦਰ ਸਿੰਘ ਥਿੰਦ ਦੀ ਸਾਹਿਤਕ ਮੁਲਾਕਾਤ ਦੀ ਤੀਸਰੀ ਕਿਸ਼ਤ ਪੜ੍ਹ ਕੇ ਬਹੁਤ ਚੰਗਾ ਲੱਗਾ ਤੇ ਖੁਸ਼ੀ ਹੋਈ । ਇਸ ਲੰਮੀ ਕਿਸ਼ਤ 'ਚ ਸੁਖਪਾਲ ਸਿੰਘ ਥਿੰਦ ਨੇ ਆਪਣੀਆਂ ਕਹਾਣੀਆਂ ਦੇ ਪਿਛੋਕੜ ਬਾਰੇ ਤੇ ਕਹਾਣੀਆਂ ਦੀ ਸਿਰਜਣ ਪ੍ਰਕਿਰਿਆ ਬਾਰੇ ਖੁੱਲ੍ਹ ਕੇ ਜਾਣਕਾਰੀ ਦਿੱਤੀ ਹੈ। ਦਰੁਸਤ ਹੈ ਕਿ ਕਹਾਣੀਕਾਰ ਜੋ ਵੀ ਲਿਖਦਾ ਹੈ, ਇਸ ਦੇ ਪਿੱਛੇ ਦੀ ਵੀ ਕੋਈ ਕਹਾਣੀ ਹੁੰਦੀ ਹੈ। ਕੋਈ ਦਾਸਤਾਨ ਹੁੰਦੀ ਹੈ। ਉਹ ਦਾਸਤਾਨ ਵੇਖੀ ਜਾਂ ਪਿੰਡੇ 'ਤੇ ਹੰਢਾਈ ਹੋ ਸਕਦੀ ਹੈ। ਲੇਖਕ ਥਿੰਦ ਕੋਲ ਜ਼ਿੰਦਗੀ ਦਾ ਗਹਿਰਾ ਤਜਰਬਾ ਹੈ, ਇਸ ਲਈ ਉਨ੍ਹਾਂ ਦੀਆਂ ਕਹਾਣੀਆਂ ਦਾ ਦਾਇਰਾ ਵੀ ਵਸੀਹ ਹੈ। ਪਿੱਛੇ ਜਿਹੇ ਚੱਲੇ ਕਿਸਾਨ ਅੰਦੋਲਨ ਦੀ ਗੱਲ ਵੀ ਸੁਖਪਾਲ ਸਿੰਘ ਥਿੰਦ ਨੇ ਕਹਾਣੀ ਵਿਚ ਕੀਤੀ ਹੈ। ਇਸ ਮੁਲਾਕਾਤ ਦੀਆਂ ਤਸਵੀਰਾਂ ਤੋਂ ਥਿੰਦ ਸਾਹਿਬ ਦੇ ਵਿਸ਼ਾਲ ਅਨੁਭਵ ਦਾ ਅਹਿਸਾਸ ਹੁੰਦਾ ਹੈ। ਕੈਨੇਡਾ ਵਿਚ ਵੀ ਸੁਖਪਾਲ ਸਿੰਘ ਥਿੰਦ ਦੀ ਸਾਹਿਤਕਾਰੀ ਦੀ ਪੂਰੀ ਚਰਚਾ ਹੈ। ਪਰਵਾਸੀ ਸਾਹਿਤਕਾਰਾਂ ਵਿਚ ਥਿੰਦ ਸਾਹਿਬ ਦਾ ਮਾਨ-ਸਨਮਾਨ ਹੈ। ਇਸ ਕਿਸ਼ਤ ਵਿਚ ਕੀਤੇ ਪ੍ਰਸ਼ਨਾਂ ਦੇ ਉੱਤਰ ਬਹੁਤ ਸੰਜੀਦਾ ਤੇ ਢੁਕਵੇਂ ਹਨ। ਸੁਖਪਾਲ ਸਿੰਘ ਥਿੰਦ ਦਾ ਮੌਲਿਕ ਲੇਖਕ ਹੋਣ ਦੇ ਨਾਲ-ਨਾਲ ਉਨ੍ਹਾ ਦਾ ਆਲੋਚਕ ਹੋਣਾ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਅਸਲ ਵਿਚ ਲੇਖਕ ਖੁਦ ਆਪਣੀਆਂ ਰਚਨਾਵਾਂ ਦਾ ਪਹਿਲਾ ਆਲੋਚਕ ਹੈ। ਜਦੋਂ ਕਹਾਣੀਕਾਰ ਆਪਣੇ ਪਾਤਰਾਂ ਨਾਲ ਗੱਲਾਂ ਕਰਦਾ ਹੈ ਤਾਂ ਉਸ ਦਾ ਆਲੋਚਕ ਚਿਹਰਾ ਸਾਹਮਣੇ ਹੁੰਦਾ ਹੈ। ਉਹ ਆਪਣੇ ਪਾਤਰਾਂ ਨੂੰ ਖੁਦ ਪਛਾਣਦਾ ਹੈ। ਇਹ ਉਸ ਦੀ ਜੁਗਤ ਹੈ। ਇਸ ਲੰਮੀ ਮੁਲਾਕਾਤ ਵਿਚ ਸੁਖਪਾਲ ਸਿੰਘ ਥਿੰਦ ਨੇ ਆਪਣੇ ਬਾਰੇ ਬਹੁਤ ਗੱਲਾਂ ਖੁੱਲ੍ਹ ਕੇ ਕੀਤੀਆਂ ਹਨ। ਮੇਰੀ ਇੱਛਾ ਹੈ ਕਿ ਸੁਖਪਾਲ ਸਿੰਘ ਥਿੰਦ ਪੰਜਾਬੀ ਕਹਾਣੀ ਨੂੰ ਹੋਰ ਵੀ ਖੂਬਸੂਰਤੀ ਨਾਲ ਸਿਰਜਣ ਤੇ ਪਾਠਕਾਂ ਨਾਲ ਸੰਵਾਦ ਰਚਾਉਂਦੇ ਰਹਿਣ। ਇਸ ਅੰਕ ਦਾ ਦੂਸਰਾ ਪ੍ਰਭਾਵਸ਼ਾਲੀ ਲੇਖ ਪ੍ਰਸਿੱਧ ਵਾਰਤਕਕਾਰ ਡਾ. ਗੁਰਬਖ਼ਸ਼ ਸਿੰਘ ਭੰਡਾਲ ਦਾ ਹੈ-ਤਾਲੀਮ ਅਤੇ ਤਰਬੀਅਤ। ਸੁਹਿਰਦ ਲੇਖਕ ਨੇ ਦੋਨਾਂ ਦਾ ਅੰਤਰ ਤੇ ਆਪਸੀ ਸੰਬੰਧ ਬਹੁਤ ਖੂਬਸੂਰਤ ਸ਼ੈਲੀ ਵਿਚ ਸਪੱਸ਼ਟ ਕੀਤਾ ਹੈ। ਚੰਗੀ ਤਰਬੀਅਤ ਵਾਲਾ ਬੰਦਾ ਨੈਤਿਕਤਾ ਵਾਲਾ ਹੈ, ਜੋ ਕਿ ਵੱਡੀ ਤਾਲੀਮ ਵਾਲਾ ਸ਼ਖਸ ਜ਼ਰੂਰੀ ਨਹੀਂ ਕਿ ਉਹ ਨੈਤਿਕਤਾ ਦਾ ਧਾਰਨੀ ਹੋਵੇ। ਜ਼ਿਆਦਾ ਪੜ੍ਹਨ ਵਾਲਾ ਸ਼ਖਸ ਕਈ ਵਾਰੀ ਅਸਲ ਮੰਜ਼ਲ ਤੋਂ ਥਿੜਕ ਵੀ ਜਾਂਦਾ ਹੈ। ਚੰਗੀ ਤਰਬੀਅਤ ਨਾਲ ਗੂੜ੍ਹ ਗਿਆਨ ਹੁੰਦਾ ਹੈ। ਲੇਖਕ ਨੇ ਇਸ ਲਿਖਤ ਵਿਚ ਵੱਡੀ ਕੰਪਨੀ ਦੇ ਅਫਸਰ ਦਾ ਆਪਣੇ ਵਿਆਹ ਤੋਂ ਜਲਦੀ ਤਲਾਕ ਹੋਣਾ ਇਸ ਦੀ ਮਿਸਾਲ ਹੈ। ਨਾਲ ਤਾਲੀਮ ਜ਼ਾਫਤਾ ਬੰਦੇ ਦੀ ਅਸਫਲਤਾ ਦੀ ਗਵਾਹ ਹੈ । ਡਿਗਰੀਆਂ-ਡਿਪਲੋਮੇ ਵੀ ਚੰਗੀ ਸ਼ਖਸੀਅਤ ਦੀ ਨਿਸ਼ਾਨੀ ਨਹੀਂ ਹਨ। ਲੇਖ ਵਿਚ ਘੱਟ ਤਾਲੀਮ ਵਾਲੀਆਂ ਵੱਡੀਆਂ ਸ਼ਖਸੀਅਤਾਂ ਦੇ ਨਾਂਅ ਹਨ, ਪੜ੍ਹ ਕੇ ਖੁਸ਼ੀ ਹੋਈ ਕਿ ਲੇਖਕ ਨੇ ਜਸਵੰਤ ਸਿੰਘ ਕੰਵਲ, ਬਲਬੀਰ ਸਿੰਘ ਸੀਚੇਵਾਲ ਤੇ ਭਗਤ ਪੂਰਨ ਸਿੰਘ ਦੀ ਗੱਲ ਕੀਤੀ ਹੈ ਕਿ ਇਹ ਮਹਾਨ ਵਿਅਕਤੀ ਘੱਟ ਪੜ੍ਹ ਕੇ ਵੀ ਸਮਾਜ ਵਿਚ ਬਹੁਤ ਨਾਮਣਾ ਖੱਟ ਰਹੇ ਹਨ। ਜਸਵੰਤ ਸਿੰਘ ਕੰਵਲ ਨੇ ਸੌ ਸਾਲ ਤੋਂ ਉਪਰ ਉਮਰ ਭੋਗ ਕੇ ਢੇਰ ਕਿਤਾਬਾਂ ਲਿਖ ਕੇ ਲੱਖਾਂ ਪੰਜਾਬੀ ਪਾਠਕ ਪੈਦਾ ਕੀਤੇ ਹਨ। ਅਨੇਕਾਂ ਖੋਜਾਰਥੀਆਂ ਨੇ ਕੰਵਲ ਦੇ ਨਾਵਲ ਪੜ੍ਹ ਕੇ ਡਿਗਰੀਆਂ ਲਈਆਂ ਹਨ। ਖੇਡਾਂ ਵਿਚ ਤੇ ਸਮਾਜ ਭਲਾਈ ਵਿਚ ਵੀ ਘੱਟ ਪੜ੍ਹੇ ਕੰਵਲ ਨੇ ਦੁਨੀਆ ਵਿਚ ਥਾਂ ਬਣਾਈ ਹੈ। ਇਹ ਤਰਬੀਅਤ ਦੇ ਕਾਰਨਾਮੇ ਹਨ। ਤਾਲੀਮ ਦੇ ਨਹੀਂ ਹਨ। ਇਸ ਤਰ੍ਹਾਂ ਦੇ ਲੇਖ ਨਵਾਂ ਜ਼ਮਾਨਾ ਵਿਚ ਛਾਪਦੇ ਰਹੋ। ਇਹ ਲੇਖ ਜ਼ਿੰਦਗੀ ਨੂੰ ਨਰੋਈ ਸੇਧ ਦਿੰਦੇ ਹਨ। ਲੋਕਾਂ ਦੇ ਮੇਲੇ ਦੀ ਕਿਸ਼ਤ ਵਿਚ ਝੰਡੇ ਦੇ ਗੀਤ ਦੀ ਚਰਚਾ ਕੀਤੀ ਹੈ। ਕਿਤਾਬ 'ਚਿੰਤਨ ਦੇ ਚਿਤੇਰੇ' ਵੱਡੇ ਚਿੰਤਕਾਂ ਦੀ ਜ਼ਿੰਦਗੀ ਨਾਲ ਜੁੜੇ ਸਰੋਕਾਰਾਂ ਦੀ ਹੈ। ਕਿਤਾਬਾਂ ਦੀ ਚਰਚਾ ਵਿਚ ਡਾ. ਅਮਰ ਕੋਮਲ ਨੇ ਰਾਣੀ ਜਿੰਦਾਂ ਤੇ ਪਿੱਛੇ ਮੁੜ ਕੇ ਵੇਖਿਆਂ ਦੀ ਸਮੀਖਿਆ ਪੜ੍ਹ ਕੇ ਬਹੁਤ ਖੁਸ਼ੀ ਹੋਈ। ਪੰਜਾਬੀ ਸਾਹਿਤ ਤੇ ਸੱਭਿਆਚਾਰ ਕਿਤਾਬ ਬਾਰੇ ਮੇਰੀ ਪੜਚੋਲ ਛਾਪਣ ਦਾ ਦਿਲੀ ਧੰਨਵਾਦ। ਲੋਕ ਮੰਚ ਪੰਜਾਬ ਵੱਲੋਂ ਕਵਿੱਤਰੀ ਅਰਤਿੰਦਰ ਸੰਧੂ ਤੇ ਅਨੁਵਾਦਕ ਜੰਗ ਬਹਾਦਰ ਗੋਇਲ ਨੂੰ ਪੁਰਸਕਾਰ ਦੇਣ ਦੀ ਰਿਪੋਰਟ ਪੜ੍ਹ ਕੇ ਖੁਸ਼ੀ ਹੋਈ। ਦੋਨੋਂ ਅਦੀਬਾਂ ਨੂੰ ਮੁਬਾਰਕ। ਮਾਹਿਲਪੁਰ ਦੀ ਕਹਾਣੀ ਗੋਸ਼ਟੀ ਦੀ ਰਿਪੋਰਟ ਪੜ੍ਹ ਕੇ ਨਸ਼ਾ ਆ ਗਿਆ।

—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਮਾਰਕਸਵਾਦ ਸਦਾ ਰਾਹ-ਦਸੇਰਾ-17 : ਜਗਰੂਪ

ਭਾਰਤ ਵਿੱਚ ਲੋਕਤੰਤਰ ਖ਼ਤਮ ਹੋਣ ਦਾ ਅਸਰ ਪੂਰੀ ਦੁਨੀਆ 'ਤੇ ਪਵੇਗਾ : ਅਰੁੰਧਤੀ ਰਾਏ

'ਸ਼ਬਦ ਸ਼ਬਦ ਗੁਲਾਬ' ਦੀ ਪਰਖ-ਪੜਚੋਲ : ਨਵਤੇਜ ਗੜ੍ਹਦੀਵਾਲਾ

ਕੁਲਵਿੰਦਰ ਚਾਵਲਾ ਦੀਆਂ ਨਵੀਂਆਂ ਕਵਿਤਾਵਾਂ ਅਤੇ ਹੋਰ ਬਹੁਤ ਕੁਝ

# ਸਮਕਾਲੀ ਕਾਵਿ ਵੰਨਗੀਆਂ

## ਐਵੇਂ ਮੁੱਚੀ ਦੇ ਸੁਪਨੇ ਨਾ ਵਿਖਾਲ

ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ
ਟੋਟਕਿਆਂ ਟਵੀਟਾਂ ਨਾਲ ਅਸਲੀਅਤ ਨਾ ਟਾਲ
ਦੂਸਰਿਆਂ ਸਿਰ ਮੜ੍ਹ ਕੇ ਦੋਸ਼ ਸੁਰਖ਼ਰੂ ਨਾ ਹੋ
ਸੱਚੇ ਦਿਲੋਂ ਹਕੀਕਤ ਦੇ ਰੂ ਬ ਰੂ ਹੋ
ਖ਼ੁਸ਼ਫਹਿਮੀਆਂ ਦੇ ਵੱਡੇ ਵੱਡੇ ਭਰਮ ਨਾ ਪਾਲ
ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ

ਕਿਰਤੀਆਂ ਕਿਸਾਨਾਂ ਨੂੰ ਤੇਰੇ ਤੋਂ ਬਹੁਤ ਆਸਾਂ ਸੀ
ਸੁਪਨਸਾਜ਼ ਇਨਸਾਨਾਂ ਨੂੰ ਤੇਰੇ ਤੋਂ ਬਹੁਤ ਆਸਾਂ ਸੀ
ਚੋਜਾਂ ਚਲਿੱਤਰਾਂ ਨਾਲ ਕਰ ਨਾ ਹਲਾਲ
ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ

ਬਹੁਆਕਾਰੀ ਤਸਵੀਰਾਂ ਨਾਲ ਢਿੱਡ ਨਹੀਂ ਭਰਦੇ
ਮਜ਼ਾਹੀਆ ਤਕਰੀਰਾਂ ਨਾਲ ਢਿੱਡ ਨਹੀਂ ਭਰਦੇ
ਬੀਤੇ ਹੋਏ ਨੂੰ ਮਸ਼ਕਰੀਆਂ ਨਾਲ ਨਾ ਉਛਾਲ
ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ

ਧਰਨਿਆਂ ਮੁਜ਼ਾਹਰਿਆਂ ਦੀ ਆਵਾਜ਼ ਸੁਣ
ਕਿਰਤ ਦੇ ਸਿਰਜਣਹਾਰਿਆਂ ਦੀ ਆਵਾਜ਼ ਸੁਣ
ਜੀਊਣਾ ਹੋਇਆ ਡਾਹਢਾ ਮੁਹਾਲ
ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ

ਤੇਰੇ ਕਾਫ਼ਲਿਆਂ ਦਾ ਜਾਹੋ ਜਲਾਲ ਦੇਖ ਦੇਖ ਕੇ
ਝੂਰਦੇ ਨੇ ਲੋਕ ਹਵਾਵਾਂ ਦਾ ਹਾਲ ਦੇਖ ਦੇਖ ਕੇ
ਥਿੜਕ ਗਏ ਜਾਪਦੇ ਸੁਰ ਲੈਅ ਤਾਲ
ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ

ਸੱਤਾ ਦਾ ਹੰਕਾਰ ਪਲਾਂ ਵਿੱਚ ਤੋੜ ਦਿੰਦੇ ਨੇ ਲੋਕ
ਵਗਦੇ ਪਾਣੀਆਂ ਦੇ ਵਹਿਣ ਮੋੜ ਦਿੰਦੇ ਨੇ ਲੋਕ
ਗੀਤਾਂ ਵਾਂਗੂੰ ਗੂੰਜਦੇ ਨੇ ਲੋਕਾਂ ਦੇ ਸਵਾਲ
ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ

ਅਜੇ ਵੀ ਵੇਲਾ ਕਹੇ ਹੋਏ ਬੋਲ ਪੁਗਾ
ਆਸਾਂ ਨਾ ਤੋੜ, ਉਮੀਦਾਂ ਨਾ ਢਾਹ
ਸੁਰਤ ਤੇ ਸੋਚ ਨੂੰ ਹਲੂਣ ਤੇ ਹੰਗਾਲ
ਐਵੇਂ ਮੁੱਚੀ ਦੇ ਰੰਗਲੇ ਸੁਪਨੇ ਨਾ ਵਿਖਾਲ
ਟਵੀਟਾਂ ਟੋਟਕਿਆਂ ਨਾਲ ਅਸਲੀਅਤ ਨਾ ਟਾਲ

## ਹਰਫਾਂ ਦੀ ਜਾਗੀਰ

ਮੇਰੇ ਕੋਲ ਹਰਫਾਂ ਦੀ ਅਥਾਹ ਜਾਗੀਰ
ਮੈਨੂੰ ਮਿਲਣ ਆਉਂਦੇ ਬੁਲ੍ਹਾ, ਬਾਹੂ ਤੇ ਕਬੀਰ

ਹਰਫਾਂ ਨੇ ਹਮੇਸ਼ਾਂ-ਹਮੇਸ਼ਾਂ ਸਿੰਮਦੇ ਰਹਿਣਾ
ਇਹਨਾਂ ਦੀ ਰੂਹ ਵਿੱਚ ਨਾਨਕ ਝੀਰਿਆਂ ਦਾ ਨੀਰ

ਕੋਈ ਮੇਟ ਮਿਟਾ ਨਾ ਸਕਿਆ ਹਰਫਾਂ ਨੂੰ
ਆਏ ਕਈ ਗਜ਼ਨਵੀ, ਆਏ ਕਈ ਜਹਾਂਗੀਰ

ਸਭ ਤੋਂ ਮਿੱਠੀ ਅਤੇ ਸਭ ਤੋਂ ਮੋਹ ਖੋਰੀ
ਮਾਂ ਬੋਲੀ ਦੇ ਮਾਸੂਮ ਹਰਫਾਂ ਦੀ ਤਾਸੀਰ

ਹਰਫਾਂ ਦੀ ਤਾਕਤ ਸਭ ਤਾਕਤਾਂ ਤੋਂ ਵੱਡੀ
ਹਰਫ ਬਦਲ ਦਿੰਦੇ ਬ੍ਰਹਿਮੰਡਾਂ ਦੀ ਤਕਦੀਰ

ਹਰਫਾਂ ਦੀ ਆਤਮਾ ਵਿੱਚ ਰਹਿਣ ਧੜਕਦੇ
ਅਣਵੰਡੇ ਪੰਜਾਬ, ਬੰਗਾਲ ਤੇ ਕਸ਼ਮੀਰ

ਹਰਫ ਦਿਲੋਂ ਤੇ ਢਿੱਡੋਂ ਇਹ ਚਾਹੁੰਦੇ
ਕਿ ਦੁਨੀਆ ਦੇ ਸਭ ਦੇਸ਼ ਹੋਣ ਬਗਲਗੀਰ

ਹਰਫਾਂ ਦੇ ਅਨੇਕਾਂ ਅਤੇ ਅਸੰਖ ਰੂਪ
ਕਦੇ ਇਹ ਕਲਮ ਬਣਦੇ, ਕਦੇ ਸ਼ਮਸ਼ੀਰ

ਜੀਅ ਚਾਹੁੰਦਾ ਹਰਫਾਂ ਵਰਗੀ ਹੋਵੇ ਦੁਨੀਆ
ਤੇ ਮੈਂ ਹੋਵਾਂ ਹਰਫਾਂ ਦਾ ਸਫੀਰ।

**—ਪ੍ਰੋ. ਕੁਲਵੰਤ ਔਜਲਾ**

## ਜੰਗ

ਜਦੋਂ ਬਾਦਸ਼ਾਹਾਂ ਦੇ ਘਰ ਜੰਮੇ
ਮਾਲਕ ਬਣ ਕਿਸੇ ਸਲਤਨਤ ਦੇ
ਝੋਕ ਦਿੰਦੇ ਸੀ ਜੰਗਾਂ ਵਿੱਚ
ਫੌਜਾਂ ਨੂੰ
ਤਾਂ ਸਿਰਫ਼ ਫੌਜਾਂ ਨਹੀਂ ਸੀ ਮਰਦੀਆਂ
ਹਾਥੀ ਘੋੜੇ ਵੀ ਮਰਦੇ ਸਨ
ਪਰ ਉਹ ਬਹਾਦਰ ਯੋਧੇ
ਇਸਤਰੀਆਂ ਤੇ ਬਾਲਾਂ ’ਤੇ ਵਾਰ ਨਹੀਂ ਸੀ ਕਰਦੇ
ਉਦੋਂ ਮਨੁੱਖ ਨੇ ਤਰੱਕੀ ਨਹੀਂ ਸੀ ਕੀਤੀ
ਅੱਜ ਦਾ ਤਰੱਕੀ ਯਾਫਤਾ ਮਨੁੱਖ
ਜੋ ਕੁਦਰਤ ਨੂੰ ਕਾਬੂ ਕਰਨ ਦੇ ਦਾਅਵੇ ਕਰਦਾ
ਗਾਹ ਲਿਆ ਹੈ ਜਿਸ ਨੇ ਆਕਾਸ਼
ਸਭ ਕੁਝ ਜਾਣਦਾ ਹੈ ਬ੍ਰਹਿਮੰਡ ਦੇ ਬਾਰੇ
ਇਨ੍ਹਾਂ ਮੁਲਕਾਂ ਦੇ ਚੁਣੇ ਹੋਏ ਨੁਮਾਇੰਦੇ
ਝੋਕਦੇ ਹਨ ਸੈਨਿਕਾਂ ਨੂੰ ਯੁੱਧ ਦੀ ਅੱਗ ਵਿੱਚ
ਤਾਂ ਬਖਸ਼ਦੇ ਨਹੀਂ
ਰੈਣ ਬਸੇਰਿਆਂ ਨੂੰ, ਆਰਜ਼ੀ ਕੈਂਪਾਂ ਨੂੰ
ਹਸਪਤਾਲਾਂ ਨੂੰ
ਔਰਤਾਂ ਤੇ ਮਾਸੂਮ ਬਾਲਾਂ ਨੂੰ
ਇਨਸਾਨੀਅਤ ਦਾ ਖੁਰਾ ਖੋਜ ਮਿਟਾ ਦੇਣ ਵਾਲੇ ਹਥਿਆਰ
ਬਣਾ ਚੁੱਕੇ
ਕੁਝ ਤਾਕਤਵਰ ਮੁਲਕ
ਆਪਣੀ ਪ੍ਰਭੂ ਸੱਤਾ ਕਾਇਮ ਕਰਨ ਦੀ ਲਾਲਸਾ ਵਿੱਚ
ਦਰ ਕਿਨਾਰ ਦਿੰਦੇ
ਦਇਆ ਤੇ ਸਬਰ ਨੂੰ

ਕਿਸੇ ਭਾਰੇ ਸੰਦੂਕ ਵਿੱਚ ਪਾ
ਇਨਸਾਨੀਅਤ ਨੂੰ
ਰੋੜ੍ਹ ਚੁੱਕੇ ਹਨ ਕਿਸੇ ਸਮੁੰਦਰ ਵਿੱਚ
ਇਹਨਾਂ ਕੋਲ ਬਚੀ ਹੈ ਤਾਂ ਸਿਰਫ
ਦੂਜੇ ਨੂੰ ਕਾਬੂ ਕਰਨ ਦੀ ਹੋੜ
ਫਿਰ ਬੇਸ਼ੱਕ ਉਹ ਦੇਸ਼ ਲਾਸ਼ਾਂ ਦਾ ਢੇਰ ਹੋਵੇ
ਤਰੱਕੀ ਜੋ ਕਰ ਲਈ ਹੈ ਮਨੁੱਖ ਨੇ!!

**— ਹਰਪ੍ਰੀਤ ਕੌਰ ਸੰਧੂ**

## ਨਜ਼ਮ

ਨਿਰਮੋਹਿਆਂ ਦੀ ਮੰਡੀ ਵਿੱਚ ਨਾ ਵਿਕਦੇ ਚਾਅ,
ਆਪ-ਮੁਹਾਰੇ ਵਗਦੇ ਪਾਣੀ ਦਾ ਨਾ ਜਿੱਦਾਂ ਕੋਈ ਰਾਹ।
ਖੂਹ ਪੁੱਟ ਕੇ ਪਾਣੀ ਪੀਣਾ ਹੋਇਆ ਅੱਜਕੱਲ੍ਹ ਔਖਾ,
ਠੰਢੇ-ਚੁੱਲ੍ਹਿਆਂ ’ਤੇ ਉੱਗਿਆ ਹੁੰਦਾ ਜਿੱਦਾਂ ਘਾਹ
ਬੰਦਿਆਂ ਵਿੱਚੋਂ ਬੰਦਗੀ ਜਿਹੀ ਹੁਣ ਖ਼ਤਮ ਹੋਈ,
ਤੁਰਦੀ ਫਿਰਦੀ ਲਾਸ਼ ਹੁੰਦੀ ਜਿੱਦਾਂ ਬਿਨ ਸਾਹ।
ਖਾਮੋਸ਼ੀ ਦੇ ਆਲਮ ਅੰਦਰ ਕੱਟਦਾ ਚਾਰ ਦਿਹਾੜੇ ਜਾਹ,
ਸ਼ਾਂਤ ਸਮੁੰਦਰ ਜਿੱਦਾਂ ਵਹਿੰਦਾ ਕਰਦਾ ਨਹੀਂ ਪ੍ਰਵਾਹ।
ਸੱਚ ਕਦੇ ਲੁਕਦਾ ਨਹੀਂ, ਇਸ ਦਾ ਹੈ ਸਮਾਂ ਗਵਾਹ,
“ਚਾਨਣ ਦੀ ਲੀਕ” ਜਿੱਦਾਂ ਹਨੇਰਿਆਂ ਨੂੰ ਕਰੇ ਤਬਾਹ।
ਦਵੈਤ, ਈਰਖਾ ਜੀਵਨਧਾਰਾ ਨੂੰ ਕਰੇ ਸੁਆਹ,
ਜ਼ਿੰਦਗੀ ਚਲਣ ਦਾ ਨਾਂਅ ਹੈ, ਜਿੱਦਾਂ ਮਨ ਦੀ ਚਾਹ।

**— ਜਸਬੀਰ ਦੱਧਾਹੂਰ**

## .ਗ਼ਜ਼ਲ

ਵਿਹੜੇ ਵਿੱਚ ਜੋ ਕੰਧਾਂ ਖੜ੍ਹੀਆਂ ਕਰਦੇ ਨੇ।
ਉੱਥੇ ਰਿਸ਼ਤੇ ਤਿਲ ਤਿਲ ਕਰ ਕੇ ਮਰਦੇ ਨੇ।

ਅੱਧੀ ਰਾਤੀਂ ਪੁੱਤ ਜਦੋਂ ਘਰ ਨਹੀਂ ਆਉਂਦੇ,
ਮਾਂਵਾਂ ਦੇ ਦਿਲ, ਪਲ ਪਲ ਰਹਿੰਦੇ ਡਰਦੇ ਨੇ।

ਕਾਹਦਾ ਏ ਉਹ ਆਸ਼ਕ, ਸੁੱਟੇ ਐਸਿਡ ਜੋ,
ਲੱਗੀ ਵਾਲੇ, ਜਾਨ ਵੀ ਕਦਮੀਂ ਧਰਦੇ ਨੇ।

ਵਾਰ ਦਿੰਦੇ ਜੋ ਜਾਨ, ਦੇਸ਼ ਤੇ ਕੌਮ ਲਈ,
ਸਦਾ ਨੇ ਜਿਊਂਦੇ, ਕਿੱਥੇ ਫਿਰ ਉਹ ਮਰਦੇ ਨੇ।

ਉੱਥੇ ਸਾਂਝਾਂ ਧੁਰ ਪਰਵਾਨੀਂ ਚੜ੍ਹਦੀਆਂ ਨੇ,
ਜਿੱਥੇ ਲੋਕੀ ਇੱਕ ਦੂਜੇ ਲਈ ਹਰਦੇ ਨੇ।

ਘਰ ਦਾ ਵਿਹੜਾ ਸੱਚਮੁੱਚ ਪੂਰਾ ਨਿੱਘਾ ਸੀ,
ਮੁਲਕ ਬੇਗਾਨੇ ਜਾ ਕੇ ਲੋਕੀ ਠਰਦੇ ਨੇ।

ਕੀ ਦੇਣਾ ਏ ’ਲਾਮ੍ਹਾ ਸਿਰ ਪਈ ਔਕੜ ਦਾ,
ਇਹ ਬੱਦਲ ਤਾਂ ਹਰ ਇੱਕ ਸਿਰ ’ਤੇ ਵਰ੍ਹਦੇ ਨੇ।

**- ਪਰਮਜੀਤ ਸਿੰਘ**

## ਪਹਿਰੇਦਾਰ

ਮੈਂ ਰਾਤ ਭਰ
ਜਾਗਦੇ ਰਹੋ ਜਾਗਦੇ ਰਹੋ
ਪੁਕਾਰਦਾ ਹਾਂ
ਮੁਹੱਲੇ ਵਾਲੇ ਕਦੇ ਨਹੀਂ ਜਾਗਦੇ
ਡੂੰਘੀ ਨੀਂਦ ਵਿੱਚੋਂ

ਮੈਨੂੰ ਡਰ ਹੈ
ਕਿਸੇ ਦਿਨ
ਮੈਂ ਮਾਰੇ ਜਾਣਾ
ਤੇ ਮੁਹੱਲੇ ਵਾਲਿਆਂ
ਲੁੱਟੇ ਜਾਣਾ

## ਅੰਮ੍ਰਿਤ

ਇਹ ਸ਼ਹਿਰ
ਜੋ ਰੋਜ਼ ਅੰਮ੍ਰਿਤ ਵੇਲੇ
ਜਾਗਦਾ ਹੈ
ਅਸਲ ਵਿੱਚ
ਇੱਥੋਂ ਦੇ ਲੋਕ
ਰਾਤ ਭਰ
ਜ਼ਹਿਰੀਲੇ ਸੁਪਨੇ ਲੈਂਦੇ ਹਨ

**- ਹਰਪਾਲ ਸੰਧਾਵਾਲੀਆ**

## ਸ਼ਹਿਰ

ਕਿਹੋ ਜਿਹਾ ਸ਼ਹਿਰ
ਚਾਰੇ ਪਾਸੇ ਕਹਿਰ
ਹੰਝੂ ਦੀ ਥਾਂ ਹਾਸੇ
ਅਮ੍ਰਿਤ ਬਣਿਆ ਜ਼ਹਿਰ

ਚਿਹਰੇ ’ਤੇ ਨਕਾਬ
ਪੱਥਰ ਦੇ ਗੁਲਾਬ
ਚਿੱਟੇ ਨੇ ਵਸਤਰ
ਸੋਚ ਹੈ ਖਰਾਬ

ਲਕੀਰ ਦੇ ਫਕੀਰ
ਵਹਿਮਾਂ ਦੀ ਜ਼ੰਜੀਰ
ਕਰਮ ਤੋਂ ਸੱਖਣੇ
ਕੀ ਕਰੂ ਤਕਦੀਰ

ਖੁਸ਼ੀ ਨਾ ਸਹਾਰਦੇ
ਮਾਰ ਡੂੰਘੀ ਮਾਰਦੇ
ਦੇਣ ਨਾ ਹੌਸਲਾ
ਗੱਲਾਂ ਨਾਲ ਸਾੜਦੇ

ਰਹਿੰਦੇ ਨੇ ਪਰਖਦੇ
ਸਦਾ ਹੀ ਵਰਜਦੇ
ਕੀ ਕਰਨਾ ਸਵਰਗ
ਵਾਸੀ ਨੇ ਨਰਕ ਦੇ

**—ਵਿਵੇਕ**

## .ਗ਼ਜ਼ਲ

ਹੁਣ ਦਾ ਸਾਵਣ ਕਾਹਦਾ ਸਾਵਣ।
ਤੀਆਂ, ਪੀਂਘਾਂ ਨਜ਼ਰ ਨਾ ਆਵਣ।

ਖੀਰਾਂ-ਪੂੜੇ ਭੁੱਲ ਗਏ ਲੋਕੀ,
ਬਰਗਰ-ਪੀਜ਼ੇ-ਡੋਸੇ ਖਾਵਣ।

ਬੱਦਲਾਂ ’ਚੋਂ ਹੁਣ ਗੜ-ਗੜ ਗੁੰਮੀਂ,
ਬੱਦਲ ਵੀ ਜਿਉਂ ਜੂਨ ਹੰਢਾਵਣ।

ਕੰਤ ਫੋਨ ’ਤੇ ਦਰਦ ਵੰਡਾਉਂਦੇ,
ਨਾ ਹੀ ਨਾਰਾਂ ਔਂਸੀਆਂ ਪਾਵਣ।

ਸੱਜ ਵਿਆਹੀਆਂ ਗੋਆ ਗਈਆਂ,
ਪੇਕੇ ਘਰ ਨਾ ਸਾਉਣ ’ਚ ਜਾਵਣ।

ਬਾਗਾਂ ਦੀ ਥਾਂ ਪੈਲਸ ਬਣ ਗਏ,
ਕੋਇਲਾਂ ਆਪਣੇ ਦੁੱਖੜੇ ਗਾਵਣ।

ਨਸ਼ਿਆਂ ਅੱਜ ਦੇ ਗੱਭਰੂ ਮਾਰੇ,
ਸਾਉਣ ’ਚ ਛਿੰਝਾਂ ਕੀਕਣ ਲਾਵਣ।


ਪਿੰਡ ਦੇ ਬਾਬੇ ਮੋੜ ’ਤੇ ਬੈਠੇ,
ਗੁਜ਼ਰੇ ਸਾਵਣ ਡੀਕੀ ਜਾਵਣ

ਚੁੱਪ ਚਪੀਤਾ ਤੁਰ ਜਾਏ ਸਾਵਣ,
ਕੀ “ਪਾਰਸ” ਜਿਹੇ ਗੀਤ ਬਨਾਵਣ?

**-ਪ੍ਰਤਾਪ “ਪਾਰਸ” ਗੁਰਦਾਸਪੁਰੀ**

# ਰੰਗਕਰਮੀ ਦਿਲਜੀਤ ਸੋਨਾ

ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿਚ ਭਾਗ ਲੈਂਦੇ ਵਿਦਿਆਰਥੀ ਆਪਣੀ ਕਲਾ ਦੇ ਹੁਨਰ ਰਾਹੀਂ ਵੱਖਰੀ ਪਛਾਣ ਸਿਰਜਦੇ ਹਨ। ਵਿਦਿਆਰਥੀਆਂ ਦੀ ਕਲਾ ਨੂੰ ਪਰਖਣ ਅਤੇ ਹੋਰ ਤਿੱਖਾ ਕਰਨ ਲਈ ਵਿੱਦਿਅਕ ਅਤੇ ਗੈਰ-ਵਿੱਦਿਅਕ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਸੱਭਿਆਚਾਰਕ ਯੁਵਕ ਮੇਲੇ ਅਹਿਮ ਭੂਮਿਕਾ ਨਿਭਾਉਂਦੇ ਹਨ। ਦਿਲਜੀਤ ਸੋਨਾ ਅਜਿਹਾ ਰੰਗਕਰਮੀ ਹੈ, ਜਿਸ ਨੇ ਆਪਣੇ ਕਾਲਜ ਵੱਲੋਂ ਖੇਤਰੀ ਪੱਧਰ ਦੇ ਮੁਕਾਬਲਿਆਂ (ਭਾਸ਼ਣ ਅਤੇ ਕਵਿਤਾ ਉਚਾਰਨ) ਵਿਚ ਭਾਗ ਲਿਆ। ਉਸ ਸਮੇਂ ਇਨ੍ਹਾ ਦੇ ਕਾਲਜ ਵੱਲੋਂ ਨਾਟਕ ਦੀ ਟੀਮ ਖੇਤਰੀ ਯੁਵਕ ਮੇਲੇ ਵਿਚ ਭਾਗ ਨਹੀਂ ਲੈਂਦੀ ਸੀ, ਇਸ ਘਾਟ ਨੂੰ ਪੂਰਾ ਕਰਨ ਲਈ ਦਿਲਜੀਤ ਸੋਨਾ ਨੇ ਸਭ ਤੋਂ ਪਹਿਲਾਂ ਦੋ ਸਾਲ ਯੁਵਕ ਮੇਲਿਆਂ ਦੀਆਂ ਪੇਸ਼ਕਾਰੀਆਂ ਨੂੰ ਨੀਝ ਨਾਲ ਵੇਖਿਆ ਅਤੇ ਇਸ ਸਮੇਂ ਸਰਗਰਮ ਨਾਟ-ਨਿਰਦੇਸ਼ਕਾਂ ਕੋਲੋਂ ਨਾਟ-ਨਿਰਦੇਸ਼ਨ ਦੇ ਗੁਰ ਵੀ ਸਿੱਖੇ। ਖੇਤਰੀ ਯੁਵਕ ਮੇਲਿਆਂ ਵਿਚ ਉਸ ਦੀ ਨਾਟ-ਨਿਰਦੇਸ਼ਨਾ ਦਾ ਸਫਰ ਆਪਣੇ ਦੁਆਰਾ ਲਿਖੇ ਨਾਟਕ ‘ਉਹ ਸੰਤਾਲੀ ਫੇਰ ਨਾ ਆਵੇ’ ਨਾਲ ਸ਼ੁਰੂ ਹੁੰਦਾ ਹੈ। ਇਸ ਨਾਟਕ ਦੀ ਪਹਿਲੀ ਪੇਸ਼ਕਾਰੀ ਤ੍ਰੈ-ਸ਼ਤਾਬਦੀ ਜੀ ਜੀ ਐੱਸ ਕਾਲਜ ਅੰਮ੍ਰਿਤਸਰ ਵੱਲੋਂ 2015 ਨੂੰ ਹੁੰਦੀ ਹੈ। ਫੋਨ ਵਾਰਤਾਲਾਪ ਅਤੇ ਮੁਲਾਕਾਤ ਰਾਹੀਂ ਮਿਲੀ ਜਾਣਕਾਰੀ ਦੇ ਆਧਾਰ ’ਤੇ ਉਸ ਨੇ ਦੂਰਦਰਸ਼ਨ ਜਲੰਧਰ ਦੇ ਹਫਤਾਵਾਰੀ ਸੀਰੀਅਲ ‘ਕੌਣ ਦਿਲਾਂ ਦੀਆਂ ਜਾਣੇ’ ਵਿਚ ਬਤੌਰ ਮੁੱਖ ਅਦਾਕਾਰ ਕੰਮ ਕੀਤਾ। ਦਿੱਲੀ ਦੂਰਦਰਸ਼ਨ ਦੇ ਹਫਤਾਵਾਰੀ ਸੀਰੀਅਲ ‘ਮਹਾਰਾਜਾ ਰਣਜੀਤ ਸਿੰਘ’ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਜਾ ਜੀ ਹੀਰਾ ਲਾਲ ਦਾ ਰੋਲ ਅਦਾ ਕੀਤਾ। ਗੈਟ ਪੰਜਾਬੀ ਚੈਨਲ ਦੇ ਹਫਤਾਵਾਰੀ ਸੀਰੀਅਲ ‘ਇਸ਼ਕ ਵਿੱਚ ਯੂ ਨੈਵਰ ਨੋ’ ਵਿਚ ਬਤੌਰ ਮੁੱਖ ਅਦਾਕਾਰ ਕੰਮ ਕੀਤਾ ਹੈ। ਆਯੁਸ਼ਮਾਨ ਖੁਰਾਣਾ ਦੀ ਫਿਲਮ ‘ਚੰਡੀਗੜ ਕਰੇ ਆਸ਼ਕੀ’ ਵਿਚ ਅਦਾਕਾਰ ਵਜੋਂ ਕੰਮ ਕੀਤਾ। ਆਮਿਰ ਖਾਨ ਦੀ ਫਿਲਮ ‘ਲਾਲ ਸਿੰਘ ਚੱਢਾ’ ਵਿਚ ਅਦਾਕਾਰ ਵਜੋਂ ਕੰਮ ਕੀਤਾ। ਰਣਜੀਤ ਬਾਵਾ ਅਤੇ ਤਰਸੇਮ ਜੱਸੜ ਨਾਲ ਫਿਲਮ ‘ਖਾਓ ਪੀਓ ਐਸ਼ ਕਰੋ’ ਵਿਚ ਅਦਾਕਾਰ ਵਜੋਂ ਕੰਮ ਕੀਤਾ। ਮਨਮੋਹਨ ਵਾਰਿਸ ਦੇ ਗੀਤ ‘ਖਾਧੀਆਂ ਖੁਰਾਕਾਂ ਕੰਮ ਆਉਣੀਆ’ ਵਿਚ ਅਦਾਕਾਰ ਵਜੋਂ ਕੰਮ ਕੀਤਾ। ਉਸ ਨੇ ਪੈਂਤੀ ਸ਼ਾਰਟ ਫਿਲਮਾਂ ਲਿਖੀਆਂ ਅਤੇ ਨਿਰਦੇਸ਼ਤ ਕੀਤੀਆਂ, ਜਿਨ੍ਹਾਂ ਵਿਚੋਂ ਪ੍ਰਮੁੱਖ ਹਨ, ਤਮਗੇ ਦੀ ਕੀਮਤ, ਸੋ ਕਿਉ ਮੰਦਾ ਆਖੀਏ, ਰੱਖੜੀ ਦਾ ਤੋਹਫਾ, ਦੀਵਾਲੀ ਦਾ ਤੋਹਫਾ, ਮਾਸੂਮੀਅਤ, ਸੱਚੀ ਖੁਸੀ, ਹੇਟ ਯੂ ਪਾਪਾ ਆਦਿ। ਇਸ ਤੋਂ ਇਲਾਵਾ ਉਸ ਨੇ ਚਾਰ ਵੈੱਬ ਸੀਰੀਜ਼ (ਤਾਰੀ, ਪਿਆਰ, ਹਰਟਸ ਏ ਲੋਟ, ਰੂਪਾ ਅਤੇ ਮਹਿਰੀਨ ਆਦਿ ਲਿਖੀਆਂ। ਯੂ ਟਿਊਬ ’ਤੇ ਵੀਹ ਦੇ ਕਰੀਬ ਵੱਖ-ਵੱਖ ਵਿਸ਼ਿਆਂ ’ਤੇ ਗੀਤ ਲਿਖ ਕੇ ਗਾਏ। ਉਸ ਵੱਲੋਂ ਸਥਾਪਤ ਸੋਨਾ ਅਕੈਡਮੀ ਵਿਚੋਂ ਟ੍ਰੇਨਿੰਗ ਲੈ ਰਹੇ ਅਦਾਕਾਰ ਜੈਸਮੀਨ ਕੌਰ ਬਾਵਾ ਅਤੇ ਯੁਵਰਾਜ ਸਿੰਘ ਨੇ ਐਮਾਜ਼ੋਨ ਪ੍ਰਾਈਮ ਦੀ ਵੈਬ ਸੀਰਜ਼ ਫੋਰ ਮੋਰ ਸ਼ਾਰਟ ਅਤੇ ਨੈੱਟ ਫਲਿਕਸ ਦੀ ਵੈੱਬ ਸੀਰਜ਼ ‘ਕੋਹਰਾ’ ’ਚ ਕੰਮ ਕੀਤਾ। ਮੋਹਿਤ ਚਾਵਲਾ ਨੇ ਬਾਲੀਵੁੱਡ ਫਿਲਮ ‘ਗੁੱਡ ਲੱਕ ਚੈਰੀ’ ਤੇ ‘ਜਾਦੂਗਰ’ ’ਚ ਕੰਮ ਕੀਤਾ। ਅਨਮੋਲ ਸਿੰਘ, ਅਮਰਜੀਤ ਕੌਰ ਅਤੇ ਪਰਮਜੀਤ ਸਿੰਘ ਨੇ ‘ਗੇਮ’ ਵੈੱਬ ਸੀਰੀਜ਼ ’ਚ ਕੰਮ ਕੀਤਾ। ਹਰਮਨਪ੍ਰੀਤ ਸਿੰਘ ਨੇ ‘ਫਿਲਮ ਲਾਲ ਸਿੰਘ ਚੱਢਾ’ ਅਤੇ ‘ਉਧਮ ਸਿੰਘ’ ’ਚ ਕੰਮ ਕੀਤਾ। ਦਲਜੀਤ ਸੋਨਾ ਇਕ ਅਜਿਹਾ ਰੰਗਕਰਮੀ ਹੈ, ਜੋ ਲਗਾਤਾਰ ਇਸ ਫੀਲਡ ਨਾਲ ਜੁੜਿਆ ਹੋਇਆ ਹੈ। ਅਜੋਕੇ ਸਮੇਂ ਉਹ ਹੋਰਨਾਂ ਰੰਗਕਰਮੀਆਂ ਲਈ ਰਾਹ-ਦਸੇਰਾ ਬਣ ਰਿਹਾ ਹੈ। ਇਸ ਰੰਗਕਰਮੀ ਦੇ ਜਜ਼ਬਿਆਂ ਨੂੰ ਸਲਾਮ।



**—ਹਰਜਿੰਦਰ ਸਿੰਘ (ਸਹਾਇਕ ਪ੍ਰੋ.)**
ਸੰਪਰਕ 99884-70046

# ਜੀਵਨ-ਜਾਚ

ਜ਼ਿੰਦਗੀ ਮੁਲਾਂਕਣ ਜਾਂ ਆਲੋਚਨਾ ਨਹੀਂ, ਰਚਨਾਤਮਕਤਾ ਅਤੇ ਮੌਲਿਕਤਾ ਹੈ। ਜ਼ਿੰਦਗੀ ਨੂੰ ਗਣਿਤ ਅਤੇ ਵਿਆਕਰਨ ਦੇ ਸਾਂਚੇ ਵਿੱਚ ਰੱਖਣ ਵਾਲੇ ਇਸ ਨੂੰ ਕਦੇ ਵੀ ਮਾਣ ਨਹੀਂ ਪਾਉਂਦੇ। ਜ਼ਿੰਦਗੀ ਨਾ ਜੋੜ-ਘਟਾਓ ਦੇ ਪੈਮਾਨਿਆਂ ਵਿੱਚ ਬੱਝਦੀ ਹੈ ਅਤੇ ਨਾ ਹੀ ਲਘੂ-ਦੀਰਘ ਦੀ ਹੱਦਾਂ-ਬੰਦੀ

ਅੰਦਰ ਕੈਦ ਹੁੰਦੀ ਹੈ। ਜ਼ਿੰਦਗੀ ਨਿਰੰਤਰਤਾ ਦਾ ਉਹ ਦਰਿਆ ਹੈ, ਜਿਸ ਅੰਦਰ ਅਥਾਹ ਜੋਸ਼, ਉਮੰਗ, ਜਿਊਣ ਦੀ ਤਾਂਘ, ਮਾਨਣ ਦਾ ਜਜ਼ਬਾ, ਹੱਸਣ ਦਾ ਚਾਅ ਅਤੇ ਰੌਣਕਾਂ ਦਾ ਰਜੇਵਾਂ ਠਾਠਾਂ ਮਾਰਦਾ ਹੈ। ਜ਼ਿੰਦਗੀ ਤੱਕੜੀ ਵੀ ਨਹੀਂ, ਜੋ ਹਰ ਪਲ ਕਿਸੇ ਨਾ ਕਿਸੇ ਨਾਲ ਤੁਲਨਾਉਣ ਵਿੱਚ ਹੀ ਹੰਢਾ ਲਈ ਜਾਵੇ। ਜ਼ਿੰਦਗੀ ਆਤਮ-ਪਛਾਣ ਅਤੇ ਆਤਮ-ਵਿਸ਼ਵਾਸ ਦੀ ਉਹ ਪਾਸਕੂ ਹੈ, ਜੋ ਹਮੇਸ਼ਾ ਖ਼ੁਸ਼ੀਆਂ ਅਤੇ ਗ਼ਮੀਆਂ ਦੇ ਸਮਤੋਲ ਰਹਿੰਦੀ ਹੈ। ਜ਼ਿੰਦਗੀ ਉਲਝਣ ਦਾ ਨਹੀਂ, ਸੁਲਝਣ ਅਤੇ ਸੁਲਝਾਉਣ ਦਾ ਨਾਂਅ ਹੈ। ਦਿਨ-ਕਟੀ ਕਰਨ ਅਤੇ ਜਿਊਣ ਵਿੱਚ ਜ਼ਮੀਨ-ਆਸਮਾਨ ਜਿੱਡਾ ਫਰਕ ਹੈ। ਇਸ ਫਰਕ ਨੂੰ ਉਹੀ ਮਹਿਸੂਸ ਕਰ ਸਕਦੇ ਹਨ, ਜੋ ਕੁਦਰਤ ਦੇ ਸਮਾਨ-ਅੰਤਰਤਾ ਦੇ ਨਿਯਮ ਨੂੰ ਸਮਝਦੇ ਹਨ ਕਿ ਕੁਦਰਤ ਦੁੱਖ-ਸੁੱਖ, ਬਿਮਾਰੀ-ਤੰਦਰੁਸਤੀ ਅਤੇ ਰੋਣੇ-ਹਾਸੇ ਨੂੰ ਇੱਕ-ਦੂਸਰੇ ਦੇ ਪੂਰਕ ਵਜੋਂ ਵਰਤਦੀ ਹੈ, ਨਾ ਕਿ ਵਿਰੋਧ ਵਜੋਂ। ਅਸੀਂ ਕੁਦਰਤ ਤੋਂ ਉਪਰਾਮ ਹੋਣ ਕਾਰਨ ਵਿਰੋਧਤਾ ਵਧੇਰੇ ਸਿੱਖਦੇ ਹਾਂ, ਇਸ ਲਈ ਥੋੜ੍ਹੇ ਜਿਹੇ ਅਣਸੁਖਾਵੇਂ ਹਾਲਾਤ ਹੁੰਦਿਆਂ ਹੀ ਅਸੀਂ ਕੁਦਰਤ ਦੇ ਵਰਤਾਰਿਆਂ ਨੂੰ ਸਮਝਣ ਅਤੇ ਖਿੜੇ ਮੱਥੇ ਸਵੀਕਾਰ ਕਰਨ ਦੀ ਬਜਾਇ ਕੁਦਰਤ ਅਤੇ ਜੀਵਨ ਨੂੰ ਭੰਡਣ ਵਿੱਚ ਰੁੱਝ ਜਾਂਦੇ ਹਾਂ। ਅਸਲ ਵਿੱਚ ਲੋੜ ਕੁਦਰਤ ਦੇ ਵਰਤਾਰਿਆਂ ਨਾਲ ਇਕਮਿਕਤਾ ਸਥਾਪਤ ਕਰਨ ਦੀ ਹੁੰਦੀ ਹੈ। ਕੁਦਰਤ ਕਿਸੇ ਥਾਂ ਕੁਝ ਨਵਾਂ ਪੈਦਾ ਕਰਨ ਲਈ ਪਹਿਲਾਂ ਉੱਥੋਂ ਪੁਰਾਣੇ ਨੂੰ ਹਟਾਉਂਦੀ ਹੈ, ਜਿਵੇਂ ਨਵੇਂ ਪੱਤੇ ਪੁੰਗਰਨ ਤੋਂ ਪਹਿਲਾਂ ਪੁਰਾਣੇ ਪੱਤਿਆਂ ਦਾ ਝੜਨਾ। ਇਵੇਂ ਹੀ ਮੌਤ ਦੀ ਘਟਨਾ ਵੀ ਹੈ, ਜਿਸ ਨੂੰ ਅਸੀਂ ਭਾਰਤੀ ਬਹੁਤ ਤੂਲ ਦਿੰਦੇ ਹਾਂ। ਕੁਦਰਤ ਲਈ ਮੌਤ ਸਿਰਫ਼ ਪੁਰਾਣੇ ਪੱਤੇ ਝੜਨ ਜਿਹੀ ਹੀ ਸਧਾਰਨ ਵਾਪਰਨ ਵਾਲੀ ਪ੍ਰਕਿਰਿਆ ਹੈ, ਪਰ ਕਿਸੇ ਨਜ਼ਦੀਕੀ ਦੀ ਮੌਤ ਵੇਲੇ ਮਨੁੱਖ ਬੇਕਾਬੂ ਹੋ ਜਾਂਦਾ ਹੈ (ਭਾਵਾਤਮਿਕ ਸਾਂਝ ਦੀ ਬਦੌਲਤ ਅਜਿਹਾ ਹੁੰਦਾ ਹੈ) । ਲੋੜ ਅਜਿਹੇ ਸਮੇਂ ਆਪਣੇ-ਆਪ ਨੂੰ ਕੁਦਰਤ ਨਾਲ ਇਕਸੁਰ ਕਰਦਿਆਂ ਇਸ ਵਰਤਾਰੇ ਨੂੰ ਕਬੂਲਣ ਦੀ ਹੁੰਦੀ ਹੈ (ਇਹ ਔਖਾ ਜ਼ਰੂਰ ਹੈ, ਪਰ ਅਸੰਭਵ ਨਹੀਂ)। ਗੁਰਬਾਣੀ ਅੰਦਰ ਵੀ ਮੌਤ ਨੂੰ ਖਿੜੇ ਮੱਥੇ ਕਬੂਲਣ ਵਾਲੇ ਨੂੰ ਸੂਰਮੇ ਦਾ ਨਾਂਅ ਦਿੱਤਾ ਹੈ :-

“ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ”॥

(ਪੰਨਾ-579)

ਜ਼ਿੰਦਗੀ ਹਰ ਨਵੇਂ ਸਾਹ ਨਾਲ ਸਾਨੂੰ ਖੇੜਿਆਂ ਦੀ ਨਵੀਂ ਕਥੂਰੀ ਵੰਡਦੀ ਹੈ, ਪਰ ਇਹ ਸਿਰਫ਼ ਉਹਨਾਂ ਦੇ ਹਿੱਸੇ ਆਉਂਦੀ ਹੈ, ਜੋ ਆਪਣੀ ਸੁਹਜਾਤਮਿਕ ਬਿਰਤੀ ਦੇ ਭਾਂਡੇ ਦਾ ਮੂੰਹ ਖੋਲ੍ਹ ਕੇ ਸੰਸਾਰ ਰੂਪੀ ਬਾਗ ਵਿੱਚ ਰੱਖਦੇ ਹਨ। ਜੋ ਲੋਕ ਜੀਵਨ ਰੂਪੀ ਭਾਂਡੇ ਨੂੰ ਢਕ ਕੇ ਕਿਸੇ ਅੰਦਰ ਦੇ ਹਨੇਰੇ ਖੂੰਜੇ ਵਿੱਚ ਰੱਖ, ਉਸ ਦੇ ਬੂਹੇ ਨੂੰ ਹਉਮੈਂ ਦੇ ਤਾਲੇ ਲਾਈ ਰੱਖਦੇ ਹਨ, ਉਹ ਲੋਕ ਕੁਦਰਤ ਦੀਆਂ ਨਿਆਮਤਾਂ ਅਤੇ ਖ਼ੁਸ਼ੀਆਂ ਦੇ ਭੰਡਾਰਿਆਂ ਦੀ ਵਰਖਾ ਦਾ ਆਨੰਦ ਮਾਨਣ ਤੋਂ ਵਿਰਵੇ ਰਹਿ ਜਾਂਦੇ ਹਨ। ਅਜਿਹੇ ਨੀਰਸ ਸੁਭਾਅ ਕੁਦਰਤ ਦੀ ਖ਼ੁਸ਼ਹਾਲੀ, ਬਖਸ਼ਿਸ਼ਾਂ ਅਤੇ ਨਿਆਮਤਾਂ ਨੂੰ ਸਮਝਣ ਤੋਂ ਅਸਮਰੱਥ ਰਹਿ ਜਾਂਦੇ ਹਨ। ਜ਼ਿੰਦਗੀ ਨੂੰ ਨਫ਼ਿਆਂ-ਨੁਕਸਾਨਾਂ ਦੇ ਜ਼ਾਵੀਏ ’ਚੋਂ ਪਰਖਣ ਵਾਲਿਆਂ ਲਈ ਸਾਰਾ ਜੀਵਨ ਮਹਿਜ਼ ਗੁਣਾਂਕ ਅਤੇ ਅੰਕੜਿਆਂ ਦੀ ਖੇਡ ਬਣ ਕੇ ਰਹਿ ਜਾਂਦਾ ਹੈ। ਇਸ ਤਰ੍ਹਾਂ ਦੇ ਲੋਕ ਸਾਧਨ-ਸੰਪੰਨ ਹੁੰਦਿਆਂ ਵੀ ਜ਼ਿੰਦਗੀ ਨੂੰ ਭੋਗਣ ਤੋਂ ਆਤਰ ਰਹਿ ਜਾਂਦੇ ਹਨ। ਇਸ ਸ਼੍ਰੇਣੀ ਦੇ ਇਨਸਾਨ ਜਾਇਦਾਦ, ਤਾਕਤ, ਪ੍ਰਸਿੱਧੀ ਅਤੇ ਵਿਸ਼ੇਸ਼ਣਾਂ ਦੀ ਦੌੜ ਅੰਦਰ ਹੀ ਪੂਰੀ ਉਮਰ ਖਚਿਤ ਕਰਕੇ ਜਹਾਨੋਂ ਕੂਚ ਕਰ ਜਾਂਦੇ ਹਨ। ਅੱਜ ਦੇ ਦੌਰ ਅੰਦਰ ਖ਼ੁਦਕੁਸ਼ੀਆਂ ਦੇ ਵਧ ਰਹੇ ਰੁਝਾਨ ਇਸ ਨੁਕਤੇ ਪ੍ਰਤੀ ਵਧੇਰੇ ਧਿਆਨ ਦੀ ਮੰਗ ਕਰਦੇ ਹਨ ਕਿ ਸੰਸਾਰ ਦਾ ਕੋਈ ਵੀ ਘਾਟਾ ਸਾਡੀ ਸਿਹਤ ਅਤੇ ਜ਼ਿੰਦਗੀ ਤੋਂ ਉੱਪਰ ਨਹੀਂ ਹੈ। ਜੀਵਨ ਵਿਚਲੀ ਕਿਸੇ ਵੀ ਊਣਤਾਈ ਦੀ ਪੂਰਤੀ ਕਿਸੇ ਨਾ ਕਿਸੇ ਵਿਕਲਪ ਦੇ ਰੂਪ ਵਿੱਚ ਹੋ ਸਕਦੀ ਹੈ, ਪਰ ਸਿਹਤ ਅਤੇ ਜੀਵਨ ਦੀ ਗੈਰਮੌਜੂਦਗੀ ਦੀ ਕੋਈ ਭਰਪਾਈ ਸੰਭਵ ਨਹੀਂ। ਸਭ ਕੁਝ ਜ਼ਿੰਦਗੀ ਲਈ ਹੈ, ਜ਼ਿੰਦਗੀ ਜਿਊਣ ਲਈ, ਮਾਨਣ ਲਈ ਹੈ।

**— ਮਲਕੀਤ ਰਾਸੀ**

# ਸਾਹਿਤ ਤੇ ਸਮਾਜਿਕ ਚੇਤਨਾ ਦਾ ਸੁਮੇਲ ਗਿਆਨੀ ਤੇਜਾ ਸਿੰਘ

ਸ. ਤੇਜਾ ਸਿੰਘ ਦਾ ਜਨਮ 1939 ਈ. ਨੂੰ ਨੰਬਰਦਾਰ ਬੂਟਾ ਸਿੰਘ ਗਿੱਲ ਦੇ ਘਰ ਮਾਤਾ ਬਚਨ ਕੌਰ ਦੀ ਕੁੱਖੋਂ ਪਿੰਡ ਘੋਲੀਆ ਕਲਾਂ ਜ਼ਿਲ੍ਹਾ ਮੋਗਾ ਵਿਖੇ ਹੋਇਆ। ਬਚਪਨ ਤੋਂ ਹੀ ਚੁਸਤ ਤੇ ਤੇਜ ਹੋਣ ਕਾਰਨ ਆਪ ਦਾ ਨਾਮ ਤੇਜਾ ਸਿੰਘ ਹੀ ਰੱਖਿਆ ਗਿਆ। ਮੁੱਢਲੀ ਸਕੂਲੀ ਵਿੱਦਿਆ ਫੂਲੇਵਾਲਾ ਤੋਂ ਕਰਨ ਉਪਰੰਤ ਪ੍ਰਾਈਵੇਟ ਤੌਰ ’ਤੇ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। ਸਟੇਟ ਕਾਲਜ ਪਟਿਆਲਾ ਤੋਂ 1956-57 ਵਿੱਚ ਓ ਟੀ ਦੀ ਪ੍ਰੀਖਿਆ ਪਾਸ ਕੀਤੀ। ਪੜ੍ਹਨ ਦੇ ਨਾਲ ਨਾਲ ਖੇਡਾਂ ਵਿੱਚ ਰੁਚੀ ਹੋਣ ਕਾਰਨ ਕਾਲਜ ਦੀ ਕਬੱਡੀ ਟੀਮ ਵਿੱਚ ਕਾਲਜ ਕਲਰ ਪ੍ਰਾਪਤ ਕੀਤਾ।



ਪੰਜਾਬੀ ਅਧਿਆਪਕ ਵਜੋਂ ਇਨ੍ਹਾਂ ਦੀ ਪਹਿਲੀ ਨਿਯੁਕਤੀ 1960ਈ. ਨੂੰ ਸਰਕਾਰੀ ਹਾਈ ਸਕੂਲ ਚੱਕ ਸ਼ੇਰੇ ਵਾਲਾ ਤੋਂ ਸ਼ੁਰੂ ਹੋ ਕੇ ਵੱਖ-ਵੱਖ ਸਕੂਲਾਂ ਵਿੱਚ ਕਾਰਜ ਕਰਦਿਆਂ ਆਪਣੀ ਵਿਦਿਆ ਪ੍ਰਾਪਤੀ ਵੀ ਜਾਰੀ ਰੱਖੀ। ਨਾਲ ਦੀ ਨਾਲ ਗੌਰਮਿੰਟ ਟੀਚਰ ਯੂਨੀਅਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਪਹਿਲੇ ਪ੍ਰਧਾਨ ਚੁਣੇ ਗਏ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਾਰਨ ਆਪਨੂੰ ਕਈ ਵਾਰ ਜੇਲ੍ਹ ਵੀ ਜਾਣਾ ਪਿਆ। ਇਸ ਨਾਲ ਤੇਜਾ ਸਿੰਘ ਜੀ ਦੀ ਸਿਆਸੀ ਚੇਤਨਾ ਹੋਰ ਪ੍ਰਚੰਡ ਹੋ ਗਈ। ਐਮ ਏ ਐਮ ਐਡ ਦੀ ਪੜਾਈ ਪੂਰੀ ਕਰਨ ਉਪਰੰਤ ਸਰਕਾਰੀ ਹਾਈ ਸਕੂਲ ਘੋਲੀਆ ਕਲਾਂ ਵਿਖੇ ਸਰਵਿਸ ਕਰਦਿਆਂ 1997 ਵਿੱਚ ਬਤੌਰ ਹੈਡਮਾਸਟਰ ਸੇਵਾ ਮੁਕਤ ਹੋਏ। ਸਕੂਲ ਵਿੱਚ ਕੰਮ ਕਰਦਿਆਂ ਆਪ ਜੀ ਦੀ ਕੁਸ਼ਲ ਪ੍ਰਬੰਧਕੀ ਕਾਰਨ ਸਕੂਲ ਦੇ ਕੰਮਾਂ ਨੂੰ ਬਹੁਤ ਹੁਲਾਰਾ ਮਿਲਿਆ ਅਤੇ ਉਸ ਸਮੇਂ ਪੜ੍ਹਨ ਵਾਲੇ ਬੱਚਿਆਂ ਦੇ ਮਨਾਂ ’ਤੇ ਆਪ ਦੀ ਸ਼ਖਸੀਅਤ ਦਾ ਵੱਖਰਾ ਹੀ ਪ੍ਰਭਾਵ ਸੀ ਜੋ ਅੱਜ ਤੱਕ ਵੀ ਦੇਖਣ ਨੂੰ ਮਿਲਦਾ ਹੈ।

ਸੇਵਾ ਮੁਕਤੀ ਉਪਰੰਤ ਆਪਦੀ ਜ਼ਿੰਦਗੀ ਦੇ ਰੁਝੇਵੇਂ ਹੋਰ ਵੀ ਵਧ ਗਏ। ਸਮਾਜਿਕ ਕੰਮਾਂ ਦੇ ਨਾਲ-ਨਾਲ ਸਾਹਿਤ ਪੜ੍ਹਨ ਦਾ ਅਮਲ ਹੋਰ ਤੇਜ਼ ਹੋ ਗਿਆ। ਮਾਰਕਸਵਾਦੀ, ਰੂਸੀ ਸਾਹਿਤ ਤੋਂ ਇਲਾਵਾ ਸਮਕਾਲੀ ਪੰਜਾਬੀ ਸਾਹਿਤ ਦੇ ਗੰਭੀਰ ਪਾਠਕ ਸਨ। ਕਿਤਾਬਾਂ ਪੜ੍ਹਨ ਦਾ ਇਹ ਸ਼ੌਕ ਉਨ੍ਹਾਂ ਨੇ ਅੰਤ ਸਮੇਂ ਤੱਕ ਕਾਇਮ ਰੱਖਿਆ। ਸਾਹਿਤ ਤੇ ਸਮਾਜ ਪ੍ਰਤੀ ਸੁਹਿਰਦ ਜ਼ਿੰਮੇਵਾਰੀ ਤੋਂ ਇਲਾਵਾ ਉਨ੍ਹਾਂ ਨੇ ਪਰਿਵਾਰਕ ਜ਼ਿੰਦਗੀ ਨੂੰ ਭਰਪੂਰ ਸਮਾਂ ਦਿੱਤਾ। ਬੇਸ਼ੱਕ ਉਨ੍ਹਾਂ ਦੀ ਪਤਨੀ ਦੀ ਮੌਤ ਪਹਿਲਾਂ ਹੋ ਗਈ ਪਰ ਉਨ੍ਹਾਂ ਨੇ ਬੱਚਿਆਂ ਨੂੰ ਉੱਚ ਵਿੱਦਿਆ ਦਿਵਾ ਕੇ ਸੈੱਟ ਕੀਤਾ। ਬੇਟੀ ਸ਼ਿੰਦਰਪਾਲ ਆਪਣੇ ਪਰਵਾਰ ਨਾਲ ਅਮਰੀਕਾ ਵਸਦੀ ਹੈ। ਬੇਟਾ ਸਵਰਨਜੀਤ ਸਿੰਘ ਐਮ ਐਸ ਸੀ ਕਰਨ ਉਪਰੰਤ ਆਸਟਰੇਲੀਆ ਚਲਾ ਗਿਆ। ਗਿਆਨੀ ਤੇਜਾ ਸਿੰਘ ਜੀ ਵੀ ਆਪਣੇ ਅੰਤ ਸਮੇਂ ਆਸਟਰੇਲੀਆ ਆਪਣੇ ਬੇਟੇ ਸਵਰਨਜੀਤ ਕੋਲ ਰਹਿ ਰਹੇ ਸਨ। ਇਥੇ ਰਹਿੰਦਿਆਂ ਉਹ ਅਚਾਨਕ ਹੀ ਮਿਤੀ 21.7.2023 ਨੂੰ ਇਸ ਸੰਸਾਰ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਹਮੇਸ਼ਾ ਜ਼ਿੰਦਾਦਿਲੀ ਨਾਲ ਜੀਵਿਆ। ਅਨੇਕਾਂ ਹੀ ਬੱਚਿਆਂ ਦਾ ਮਾਰਗ ਦਰਸ਼ਨ ਕੀਤਾ। ਉਨ੍ਹਾਂ ਦੇ ਵਿਚਾਰਾਂ ਤੋਂ ਸੇਧ ਲੈ ਸੈਂਕੜੇ ਹੀ ਬੱਚੇ ਰੋਜ਼ੀ-ਰੋਟੀ ਕਮਾਉਣ ਦੇ ਨਾਲ ਨਾਲ ਸਮਾਜ ਵਿੱਚ ਚੰਗੇ ਵਿਚਾਰਾਂ ਦੇ ਧਾਰਨੀ ਬਣੇ। ਉਨ੍ਹਾਂ ਦਾ ਇਹ ਯੋਗਦਾਨ ਬਹੁਤ ਵੱਡਾ ਹੈ। ਇਸ ਕਰਕੇ ਉਹ ਆਪਣੇ ਵਿਦਿਆਰਥੀਆਂ, ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਵਿੱਚ ਹਮੇਸ਼ਾ ਜ਼ਿੰਦਾ ਰਹਿਣਗੇ।

**- ਡਾ. ਹਰਿੰਦਰ ਸਿੰਘ**

ਸਫ਼ਾ 1 ਦੀ ਬਾਕੀ

## ਯਾਦਗਾਰੀ ਫਿਲਮ : ਪਵਿੱਤਰ ਪਾਪੀ...

ਪਰ ਉਹ ਇਹ ਸ਼ਹਿਰ ਛੱਡ ਕੇ ਚਲਾ ਜਾਵੇਗਾ ਤੇ ਕਿਸੇ ਨਾ ਕਿਸੇ ਤਰ੍ਹਾਂ ਰਾਸ਼ੀ ਅਤਰ ਸਿੰਘ ਕੋਲ ਪਹੁੰਚਦੀ ਕਰ ਦਿਆ ਕਰੇਗਾ।

ਕੇਦਾਰ ਰਾਵਲਪਿੰਡੀ ਛੱਡ ਕੇ ਅੰਮ੍ਰਿਤਸਰ ਆ ਜਾਂਦਾ ਹੈ, ਪਰ ਆਪਣੇ ਅੰਮ੍ਰਿਤਸਰ ਹੋਣ ਬਾਰੇ ਉਹ ਕਿਸੇ ਨੂੰ ਕੁਝ ਵੀ ਨਹੀਂ ਦੱਸਦਾ। ਇੱਥੇ ਉਹ ਪਹਿਲਾਂ ਨੌਕਰੀ ਕਰਦਾ ਹੈ, ਪਰ ਕਿਉਂਕਿ ਇਸ ਸਮੇਂ ਪੰਨਾ ਲਾਲ ਦੇ ਪਰਵਾਰ ਦਾ ਵੀ ਪਾਲਣ-ਪੋਸ਼ਣ ਕਰਨਾ ਹੈ ਤੇ ਅਤਰ ਸਿੰਘ ਵਾਸਤੇ ਵੀ ਪੈਸੇ ਜੋੜਨੇ ਹਨ ਤਾਂ ਉਸ ਨੂੰ ਇਹ ਕਮਾਈ ਘੱਟ ਜਾਪਦੀ ਹੈ।

ਉਹ ਹੁਨਰਮੰਦ ਹੈ, ਇਸ ਲਈ ਆਪਣੀ ਦੁਕਾਨ ਕਰ ਲੈਂਦਾ ਹੈ ਅਤੇ ਸਖ਼ਤ ਮਿਹਨਤ ਕਰਦਾ ਹੈ। ਉਹ ਏਨੀ ਸਖ਼ਤ ਮਿਹਨਤ ਕਰਦਾ ਹੈ ਕਿ ਉਸ ਦੀ ਸਰੀਰਕ ਹਾਲਤ ਖ਼ਰਾਬ ਹੋ ਜਾਂਦੀ ਹੈ। ਉਸ ਲਈ ਹੁਣ ਇਹ ਵੀ ਮੁਸ਼ਕਲ ਹੋ ਰਹੀ ਹੈ ਕਿ ਉਸ ਦੀਆਂ ਅੱਖਾਂ ਵੀ ਜਵਾਬ ਦੇ ਰਹੀਆਂ ਹਨ, ਜਿਨ੍ਹਾਂ ਦੇ ਆਸਰੇ ਉਹ ਆਪਣਾ ਕੰਮ ਕਰਦਾ ਹੈ, ਪਰ ਪੰਨਾ ਲਾਲ ਦੇ ਪਰਵਾਰ ਦੀਆਂ ਮੁਸ਼ਕਲਾਂ ਦਾ ਖਿਆਲ ਕਰਦਿਆਂ ਉਹ ਫਿਰ ਮਿਹਨਤ ਵਿਚ ਜੁਟ ਜਾਂਦਾ ਹੈ, ਕਿਉਂਕਿ ਪੈਸਿਆਂ ਦੀ ਜ਼ਰੂਰਤ ਜ਼ਿਆਦਾ ਵੱਡੀ ਹੈ ਤਾਂ ਉਹ ਉਸੇ ਦੁਕਾਨ ਵਿੱਚ ਹੀ ਰਹਿੰਦਾ ਹੈ, ਜਿੱਥੇ ਕਿ ਕੰਮ ਕਰਦਾ ਹੈ। ਉਹ ਆਪਣੇ ਖਾਣ-ਪੀਣ ਦਾ ਖਿਆਲ ਨਹੀਂ ਕਰਦਾ। ਆਸਪਾਸ ਦੇ ਲੋਕਾਂ ਦਾ ਖਿਆਲ ਹੈ ਕਿ ਉਹ ਬਹੁਤ ਵੱਡਾ ਕੰਜੂਸ ਆਦਮੀ ਹੈ, ਉਮਰ ਮਰ ਕੇ ਪੈਸੇ ਜੋੜਦਾ ਹੈ, ਪਰ ਸੱਚ ਇਹ ਹੁੰਦਾ ਹੈ ਕਿ ਉਹ ਉਸ ’ਤੇ ਨਿਰਭਰ ਪਰਵਾਰ ਅਤੇ ਅਤਰ ਸਿੰਘ ਦੀ ਰਾਸ਼ੀ ਜੋੜਨ ਵਾਸਤੇ ਅਜਿਹਾ ਕੁਝ ਕਰ ਰਿਹਾ ਹੁੰਦਾ ਹੈ। ਉਹ ਲਗਾਤਾਰ ਸਿਗਰਟ ਪੀਣ ਦਾ ਆਦੀ ਹੋ ਜਾਂਦਾ ਹੈ ਤੇ ਬਿਨਾਂ ਦੁੱਧ ਦਾ ਕਾਹਵਾ ਪੀ-ਪੀ ਕੇ ਉਸ ਦੇ ਫੇਫੜੇ ਗਲ ਜਾਂਦੇ ਹਨ, ਜੋ ਕਿ ਉਹ ਲਗਾਤਾਰ ਪੀਂਦਾ ਰਹਿੰਦਾ ਹੈ।

ਹੁਣ ਜਦੋਂ ਕਿ ਉਸ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੁੰਦੀ ਹੈ ਤਾਂ ਅਚਾਨਕ ਇਕ ਦਿਨ ਪੰਨਾ ਲਾਲ ਉਸ ਦੀ ਦੁਕਾਨ ’ਤੇ ਆ ਜਾਂਦਾ ਹੈ। ਕੇਦਾਰ ਭਾਵੇਂ ਹੈਰਾਨ ਹੈ ਕਿ ਪੰਨਾ ਲਾਲ ਵਾਪਸ ਆ ਗਿਆ ਹੈ, ਉਹ ਖ਼ੁਸ਼ ਵੀ ਹੈ, ਪਰ ਪੰਨਾ ਲਾਲ ਦੀ ਗੈਰਹਾਜ਼ਰੀ ਦੇ ਅਰਸੇ ਵਿੱਚ ਉਹ ਪਰਵਾਰ ਨਾਲ ਇਸ ਕਦਰ ਜੁੜਿਆ ਹੋਇਆ ਹੈ। ਹਾਲਤਾਂ ਦੇ ਕਾਰਨ ਉਪਜੇ ਇਹ ਸੰਬੰਧ ਹੁਣ ਆਤਮਕ ਸੰਬੰਧਾਂ ਵਿੱਚ ਬਦਲ ਗਏ ਹਨ।

ਪੰਨਾ ਲਾਲ ਦੀ ਗੈਰਹਾਜ਼ਰੀ ਵਿਚ ਉਹ ਪਰਵਾਰ ਨਾਲ ਉਨ੍ਹਾਂ ਦੇ ਸਰਬਰਾਹ ਦੇ ਤੌਰ ’ਤੇ ਵਿਚਰ ਰਿਹਾ ਹੈ ਤਾਂ ਏਨੀ ਜਲਦੀ ਉਨ੍ਹਾਂ ਨੂੰ ਭੁਲਾਉਣਾ ਵੀ ਆਸਾਨ ਨਹੀਂ ਹੁੰਦਾ।

ਪੰਨਾ ਲਾਲ ਕੇਦਾਰ ਨੂੰ ਦੱਸਦਾ ਹੈ ਕਿ ਨੌਕਰੀ ਛੁੱਟਣ ਤੋਂ ਬਾਅਦ ਉਹ ਬਹੁਤ ਦੇਰ ਭਟਕਦਾ ਰਿਹਾ ਤੇ ਅਖੀਰ ਇੱਕ ਦਿਨ ਉਸ ਨੇ ਘਰ ਵਾਪਸ ਆਉਣ ਦਾ ਫੈਸਲਾ ਕੀਤਾ। ਪੰਨਾ ਲਾਲ ਅਨੁਸਾਰ ਉਸ ਨੇ ਤਾਂ ਇਹ ਸੋਚਿਆ ਸੀ ਕਿ ਉਸ ਦਾ ਪਰਵਾਰ ਹੁਣ ਤੱਕ ਉਜੜ ਚੁੱਕਿਆ ਹੋਵੇਗਾ, ਪਰ ਜਦੋਂ ਉਹ ਆ ਕੇ ਦੇਖਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ।

ਉਸ ਦਾ ਘਰ ਵੀ ਸਲਾਮਤ ਹੁੰਦਾ ਹੈ ਤੇ ਘਰ ਵਾਲੇ ਵੀ, ਇੱਥੋਂ ਤੱਕ ਕਿ ਬੇਟੀ ਦਾ ਵਿਆਹ ਵੀ ਧੂਮਧਾਮ ਨਾਲ ਹੋ ਚੁੱਕਿਆ ਹੁੰਦਾ ਹੈ। ਪਰਵਾਰ ਤੋਂ ਉਸ ਨੂੰ ਕੇਦਾਰ ਬਾਰੇ ਪਤਾ ਲੱਗਦਾ ਹੈ ਤਾਂ ਉਹ ਉਸ ਨੂੰ ਹਰ ਹੀਲੇ ਖੋਜਣਾ ਸ਼ੁਰੂ ਕਰ ਦਿੰਦਾ ਹੈ ਤੇ ਅਖੀਰ ਉਸ ਨੂੰ ਅੰਮ੍ਰਿਤਸਰ ਵਿਖੇ ਲੱਭ ਵੀ ਲੈਂਦਾ ਹੈ।

ਪੰਨਾ ਲਾਲ ਕੇਦਾਰ ਦੀ ਸਿਹਤ ਨੂੰ ਦੇਖ ਕੇ ਦੁਖੀ ਹੋ ਜਾਂਦਾ ਹੈ ਅਤੇ ਡਰ ਜਾਂਦਾ ਹੈ। ਪੰਨਾ ਲਾਲ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਹੁਣ ਕੇਦਾਰ ਬਹੁਤੇ ਦਿਨ ਨਹੀਂ ਜੀਅ ਸਕੇਗਾ। ਕੇਦਾਰ ਨੇ ਉਸ ਦੇ ਪਰਵਾਰ ਵਾਸਤੇ ਆਪਣੀ ਜ਼ਿੰਦਗੀ ਵੀ ਦਾਅ ’ਤੇ ਲਾ ਦਿੱਤੀ ਹੈ, ਜਿਹੜੀ ਕਿ ਉਸ ਪਾਪ ਦੇ ਬਦਲੇ ਵਿਚ ਬਹੁਤ ਵੱਡੀ ਕੀਮਤ ਸੀ, ਜਿਸ ਦਾ ਕਿ ਉਹ ਦੋਸ਼ੀ ਵੀ ਨਹੀਂ ਸੀ।

ਪੰਨਾ ਲਾਲ ਉਸ ਨੂੰ ਬਹੁਤ ਨੇੜੇ ਤੋਂ ਜਾਣਨਾ ਚਾਹੁੰਦਾ ਹੈ ਤੇ ਹੋਰ ਜਾਨਣਾ ਚਾਹੁੰਦਾ ਹੈ। ਇੱਥੇ ਪੰਨਾ ਲਾਲ ਦੀ ਮਨੋ- ਸਥਿਤੀ ਦਾ ਬਿਆਨ ਕੀਤਾ ਗਿਆ ਹੈ। ਪੰਨਾ ਲਾਲ ਅਨੁਸਾਰ ਉਸ ਨੇ ਕਦੇ ਨਹੀਂ ਸੀ ਸੋਚਿਆ ਕਿ ਅਜਿਹੇ ਇਨਸਾਨ ਵੀ ਦੁਨੀਆ ਵਿਚ ਹੋ ਸਕਦੇ ਹਨ, ਪਰ ਕੇਦਾਰ ਪੰਨਾ ਲਾਲ ਨੂੰ ਵਾਪਸ ਬੱਚਿਆਂ ਕੋਲ ਭੇਜਣ ਲਈ ਬਜ਼ਿੱਦ ਹੈ। ਪੰਨਾ ਲਾਲ ਦੇ ਵਾਪਸ ਘਰ ਆਉਣ ਤੋਂ ਬਾਅਦ ਹੁਣ ਉਹ ਦੁਨੀਆ ਤੋਂ ਰੁਖ਼ਸਤ ਚਾਹੁੰਦਾ ਹੈ ਤੇ ਰੁਖ਼ਸਤ ਕਹਿਣ ਵੇਲੇ ਇਕੱਲਾ ਰਹਿਣਾ ਚਾਹੁੰਦਾ ਹੈ।

ਪੰਨਾ ਲਾਲ ਭਰੇ ਮਨ ਨਾਲ ਟਰੇਨ ਵਿਚ ਬੈਠ ਜਾਂਦਾ ਹੈ, ਉਹ ਵਾਰ-ਵਾਰ ਕੇਦਾਰ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਕਹਿੰਦਾ ਹੈ। ਗੱਡੀ ’ਚ ਬੈਠਿਆਂ ਹੀ ਕੇਦਾਰ ਪੈਸਿਆਂ ਦੀ ਭਰੀ ਇੱਕ ਪੋਟਲੀ ਪੰਨਾ ਲਾਲ ਨੂੰ ਦਿੰਦਾ ਹੈ ਤੇ ਕਹਿੰਦਾ ਹੈ ਕਿ ਇਹ ਪੈਸੇ ਸਰਦਾਰ ਅਤਰ ਸਿੰਘ ਨੂੰ ਵਾਪਸ ਕਰ ਦਿੱਤੇ ਜਾਣ।

ਪੰਨਾ ਲਾਲ ਕੇਦਾਰ ਨੂੰ ਦੱਸਦਾ ਹੈ ਕਿ ਸਰਦਾਰ ਅਤਰ ਸਿੰਘ ਨੇ ਉਸ ਦੇ ਸਾਰੇ ਪੈਸੇ ਮੁਆਫ਼ ਕਰ ਦਿੱਤੇ ਸਨ, ਹੁਣ ਉਹ ਇਹ ਪੈਸੇ ਵਾਪਸ ਨਹੀਂ ਲੈਣਗੇ, ਇਹ ਪੈਸੇ ਉਹ ਆਪਣੇ ਇਲਾਜ ਲਈ ਰੱਖ ਲਵੇ ਤਾਂ ਕੇਦਾਰ ਜ਼ਬਰਦਸਤੀ ਉਸ ਨੂੰ ਪੋਟਲੀ ਦਿੰਦਿਆਂ ਕਹਿੰਦਾ ਹੈ ਕਿ ਇਹ ਪੈਸੇ ਬੇਜੀ ਨੂੰ ਦੇ ਦੇਣਾ, ਫਿਰ ...

ਕਿਦਾਰ ਦੀ ਸਿਹਤ ਬਹੁਤ ਖ਼ਰਾਬ ਹੋ ਚੁੱਕੀ ਹੈ। ਅੰਮ੍ਰਿਤਸਰ ਵਿਚ ਗੁਆਂਢੀ ਦੁਕਾਨਦਾਰ ਉਸ ਨੂੰ ਪਸੰਦ ਕਰਦਾ ਹੈ। ਉਸ ਲਈ ਫਿਕਰਮੰਦ ਹੁੰਦਾ ਹੈ। ਆਖਰੀ ਸਮੇਂ ਵਿੱਚ ਇਹੀ ਦੁਕਾਨਦਾਰ ਉਸ ਕੋਲ ਹੁੰਦਾ ਹੈ। ਉਹੀ ਗੁਆਂਢੀ ਦੁਕਾਨਦਾਰ, ਜਿਸ ਦਾ ਜ਼ਿਕਰ ਆਰੰਭ ਵਿਚ ਕੀਤਾ ਗਿਆ ਹੈ, ਤਾਂ ਉਹ ਆਪਣੀ ਪੂਰੀ ਕਹਾਣੀ ਉਸ ਗੁਆਂਢੀ ਨੂੰ ਸੁਣਾ ਕੇ ਦੁਨੀਆ ਨੂੰ ਅਲਵਿਦਾ ਕਹਿ ਦਿੰਦਾ ਹੈ।

ਅਖੀਰ ਵਿੱਚ ਫਿਲਮ ਦੇਖਦਿਆਂ ਜਾਂ ਨਾਵਲ ਪੜ੍ਹਦਿਆਂ ਤੁਹਾਡੇ ਮਨ ਵਿੱਚ ਸ਼ੰਕਾ ਹੁੰਦੀ ਹੈ ਕਿ ਅਜਿਹੇ ਕਿਰਦਾਰ ਸਿਰਫ ਕਲਪਨਾ ਵਿਚ ਹੋ ਸਕਦੇ ਹਨ, ਦੁਨੀਆਂ ਵਿੱਚ ਨਹੀਂ, ਇਹ ਇਕ ਕਾਲਪਨਿਕ ਕਿਰਦਾਰ ਹੈ, ਪਰ ਫਿਰ ਜਲਦੀ ਹੀ ਤੁਸੀਂ ਇਹ ਵੀ ਸੋਚਣ ਲੱਗ ਜਾਓਗੇ ਕਿ ਦੁਨੀਆ ਵਿੱਚ ਹਰ ਤਰ੍ਹਾਂ ਦੇ ਕਿਰਦਾਰ ਮੌਜੂਦ ਹਨ ਤਾਂ ਅਜਿਹੇ ਕਿਰਦਾਰ ਵੀ ਹੁੰਦੇ ਹੋਣਗੇ ਜਾਂ ਹਨ।

ਫੀਚਰ ਫਿਲਮ ਵਿੱਚ ਕਲਾਤਮਕ ਉਚਤਾ ਲੱਭੋਗੇ ਤਾਂ ਸ਼ਾਇਦ ਨਾ ਮਿਲੇ, ਇਕ ਸਾਧਾਰਨ ਫੀਚਰ ਫ਼ਿਲਮਾਂ ਵਰਗੀ ਫਿਲਮ ਹੈ, ਪਰ ਜਦੋਂ ਲੇਖਕ ਦੇ ਨਜ਼ਰੀਏ ਨਾਲ ਇਸ ਦੇ ਕਿਰਦਾਰਾਂ ਅਤੇ ਕਹਾਣੀ ਨੂੰ ਦੇਖੋਗੇ ਪੜ੍ਹੋਗੇ ਤਾਂ ਤੁਹਾਨੂੰ ਉਚਤਮ ਕਲਾਤਮਕ ਸਿਖਰ ਨਜ਼ਰ ਆਉਣ ਲੱਗਦਾ ਹੈ। ਇਨਸਾਨੀਅਤ ਨੂੰ ਠੁੰਮ੍ਹਣਾ ਦਿੰਦੀ ਇਹ ਕਹਾਣੀ ਤੁਹਾਨੂੰ ਕਈ ਦਿਨ ਪ੍ਰਭਾਵਤ ਕਰਦੀ ਰਹੇਗੀ ਤੇ ਹਮੇਸ਼ਾ ਲਈ ਯਾਦਾਂ ਵਿਚ ਵਸ ਜਾਵੇਗੀ।

ਸੰਪਰਕ 98141-63071

# ਜਾਲ੍ਹੀ ਡਿਜੀਟਲ ਸੰਦੇਸ਼ਾਂ ਤੋਂ ਬਚਣ ਦੀ ਲੋੜ

ਰੋਜ਼ਾਨਾ ਬਹੁਤ ਸਾਰੇ ਜਾਅਲੀ ਸੰਦੇਸ਼ ਮਿਲਣ ਕਾਰਨ ਲੋਕਾਂ ਦਾ ਡਿਜੀਟਲ-ਸੰਚਾਰ ਤੋਂ ਵਿਸ਼ਵਾਸ ਥਿੜਕਣ ਲੱਗਾ ਹੈ। ਲੋਕ ਡਰਨ ਲੱਗੇ ਹਨ ਕਿ ਆਪਣੇ ਆਪ ਨੂੰ, ਆਪਣੇ ਡਾਟਾ ਨੂੰ ਕਿਵੇਂ ਸੁਰੱਖਿਅਤ ਰੱਖਣਾ ਹੈ। ਚਾਲੀ ਫੀਸਦੀ ਲੋਕਾਂ ਦਾ ਭਰੋਸਾ ਡਗਮਗਾ ਗਿਆ ਹੈ। ਹਰ ਕੋਈ ਡਿਜੀਟਲ ਖੇਤਰ ਦਾ ਮਾਹਿਰ ਨਹੀਂ ਹੈ, ਹਰ ਕੋਈ ਮੁਹਾਰਤ ਨਹੀਂ ਰੱਖਦਾ। ਬਹੁਤਿਆਂ ਕੋਲ ਖ਼ੁਦ ਨੂੰ ਸੁਰੱਖਿਅਤ ਰੱਖਣ ਦੀ ਜਾਣਕਾਰੀ ਤੇ ਗਿਆਨ ਵੀ ਨਹੀਂ ਹੈ। ਕੋਈ ਅਜਿਹੇ ਸੰਦੇਸ਼ਾਂ ਨੂੰ ਪੜ੍ਹਦਾ ਹੀ ਨਹੀਂ, ਕੋਈ ਬਲਾਕ ਕਰ ਦਿੰਦਾ ਹੈ ਅਤੇ ਕੋਈ ਰਿਪੋਰਟ ਕਰਦਾ ਹੈ।

ਵਧੇਰੇ ਜਾਅਲੀ ਸੰਦੇਸ਼ ਬੈਂਕ ਅਤੇ ਰੁਜ਼ਗਾਰ ਨਾਲ ਜੁੜੇ ਹੁੰਦੇ ਹਨ। ਦੋਵੇਂ ਖੇਤਰ ਮਹੱਤਵਪੂਰਨ ਤੇ ਜ਼ਰੂਰੀ ਹਨ। ਬੈਂਕ ਪੈਸੇ ਨਾਲ ਜੁੜੇ ਹਨ ਅਤੇ ਰੁਜ਼ਗਾਰ ਨੌਕਰੀ ਨਾਲ। ਇਸ ਲਈ ਬਹੁਤੇ ਲੋਕ ਤੱਤਫਟ ਪ੍ਰਤੀਕਰਮ ਦਿੰਦੇ ਹਨ।

ਬੀਤੇ ਦਿਨੀਂ ਸਾਹਮਣੇ ਆਈ ਇਕ ਰਿਪੋਰਟ ਅਨੁਸਾਰ ਇਕ ਸਰਵੇ ਦੌਰਾਨ 82 ਫੀਸਦੀ ਲੋਕ ਜਾਅਲੀ ਸੰਦੇਸ਼ਾਂ ਨੂੰ ਸਹੀ ਮੰਨ ਬੈਠੇ। ਵੱਡੀ ਗਿਣਤੀ ਭਾਰਤੀਆਂ ਨੇ ਮੰਨਿਆ ਕਿ ਇਨਬਿਨ ਅਸਲੀ ਵਰਗੇ ਹੋਣ ਕਾਰਨ ਜਾਅਲੀ ਸੰਦੇਸ਼ਾਂ ਦੀ ਸ਼ਨਾਖਤ ਕਰਨੀ ਮੁਸ਼ਕਲ ਹੈ। ਅੱਧੇ ਤੋਂ ਵੱਧ ਜਾਅਲੀ ਸੰਦੇਸ਼ ਨੌਕਰੀ ਨਾਲ ਸੰਬੰਧਤ ਹੁੰਦੇ ਹਨ ਅਤੇ 52 ਫੀਸਦੀ ਬੈਂਕ ਅਲਰਟ ਹੁੰਦੇ ਹਨ। ਵਧੇਰੇ ਲੋਕਾਂ ਨੇ ਕਿਹਾ ਕਿ ਜਾਅਲੀ ਸੰਦੇਸ਼ਾਂ ਨੂੰ ਪਹਿਚਾਨਣਾ ਬੜਾ ਮੁਸ਼ਕਲ ਹੋ ਗਿਆ ਹੈ ਅਤੇ ਇਹ ਈ-ਮੇਲ ਜਾਂ ਟੈਕਸਟ ਦੇ ਰੂਪ ਵਿਚ ਆਉਂਦੇ ਹਨ। ਨਤੀਜੇ ਵਜੋਂ ਲੋਕਾਂ ਨੂੰ ਮਾਨਸਿਕ ਅਤੇ ਮਾਇਕ ਤਣਾਅ ਦਿੰਦੇ ਹਨ। ਇਨ੍ਹਾਂ ਨੂੰ ਐਨੀ ਮੁਹਾਰਤ ਨਾਲ ਤਿਆਰ ਕੀਤਾ ਜਾਂਦਾ ਹੈ ਕਿ ਅਸਲੀ-ਨਕਲੀ ਵਿਚਲਾ ਅੰਤਰ ਮਿਟ ਜਾਂਦਾ ਹੈ। ਨਤੀਜੇ ਵਜੋਂ ਹਰ ਕੋਈ ਡਰਿਆ ਹੋਇਆ ਹੈ ਅਤੇ ਕੋਈ ਵੀ ਸੁਰੱਖਿਅਤ ਨਹੀਂ ਹੈ। ਸੁਰੱਖਿਅਤ ਰਹਿਣ ਲਈ ਗਿਆਨ ਚਾਹੀਦਾ ਹੈ, ਜਾਣਕਾਰੀ ਚਾਹੀਦੀ ਹੈ, ਮੁਹਾਰਤ ਲੋੜੀਂਦੀ ਹੈ, ਆਪਣੇ ਆਪ ’ਤੇ ਭਰੋਸਾ ਚਾਹੀਦਾ ਹੈ, ਚੌਕਸੀ ਦੀ ਲੋੜ ਹੈ। ਆਮ ਆਦਮੀ ਕੋਲ ਇਨ੍ਹਾਂ ਵਿੱਚੋਂ ਕੁਝ ਵੀ ਨਹੀਂ ਹੁੰਦਾ।

ਦਰਅਸਲ ਇਹ ਅਜਿਹੇ ਕੰਪਿਊਟਰ ਦੁਆਰਾ ਤਿਆਰ ਕੀਤੇ ਜਾਂਦੇ ਹਨ, ਜਿਸ ਨੂੰ ਰੋਬੋਟ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਸ਼ਨਾਖਤ ਲਈ ਹੋਰ ਵਿਕਸਤ ਨਕਲੀ ਬੌਧਿਕ ਤਕਨੀਕ ਦੀ ਜ਼ਰੂਰਤ ਹੈ।

**ਡੀਪਫੇਕ ਮਾਮਲਾ**

ਹੁਣ ਅਦਾਕਾਰਾ ਰਸ਼ਮਿਕਾ ਮੰਦਾਨਾ ਦੀ ਜਾਅਲੀ ਵੀਡੀਓ (ਡੀਪਫੇਕ) ਨਾਲ ਹੱਦ ਹੀ ਹੋ ਗਈ ਹੈ। ਡੀਪਫੇਕ ਵੱਡਾ ਖ਼ਤਰਾ ਬਣ ਕੇ ਉੱਭਰ ਰਿਹਾ ਹੈ। ਭਾਵੇਂ ਤਕਨੀਕੀ ਮਾਹਿਰ ਇਸ ਦੇ ਮੁਕਾਬਲੇ ਲਈ ਲਗਾਤਾਰ ਯਤਨਸ਼ੀਲ ਹਨ ਪਰ ਰਸ਼ਮਿਕਾ ਦੇ ਮਾਮਲੇ ਨੇ ਇਕ ਵਾਰ ਸਭ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ।

ਡੀਪਫੇਕ ਤਕਨੀਕ ਤਹਿਤ ਕਿਸੇ ਹੋਰ ਦੇ ਚਿਹਰੇ ਉਪਰ ਕਿਸੇ ਹੋਰ ਦਾ ਚਿਹਰਾ ਲਗਾ ਦਿੱਤਾ ਜਾਂਦਾ ਹੈ ਅਤੇ ਇਤਰਾਜ਼ਯੋਗ ਵੀਡੀਓ ਤਿਆਰ ਕਰ ਲਈ ਜਾਂਦੀ ਹੈ। ਰਸ਼ਮਿਕਾ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਕੇਂਦਰੀ ਮੰਤਰੀ ਨੂੰ ਵੀ ਦਖ਼ਲ ਦੇਣਾ ਪਿਆ ਹੈ। ਅਜਿਹਾ ਮਸ਼ੀਨ ਲਰਨਿੰਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ। ਆਮ ਵਿਅਕਤੀ ਨੂੰ ਪਹਿਚਾਨਣ ਵਿਚ ਦਿੱਕਤ ਆਉਂਦੀ ਹੈ ਕਿ ਵੀਡੀਓ ਅਸਲੀ ਹੈ ਜਾਂ ਨਕਲੀ ਪਰੰਤੂ ਇਸ ਖੇਤਰ ਦੇ ਮਾਹਿਰ ਲਈ ਇਹ ਬੜਾ ਅਸਾਨ ਹੈ, ਕਿਉਂਕਿ ਰੰਗ ਅਤੇ ਰੌਸ਼ਨੀ ਦਾ ਅੰਤਰ ਹੁੰਦਾ ਹੈ। ਕਈ ਹੋਰ ਗਲਤੀਆਂ ਵੀ ਰਹਿ ਜਾਂਦੀਆਂ ਹਨ।

ਮਾਹਿਰ ਮੰਨਦੇ ਹਨ ਕਿ ਜਾਅਲੀ ਵੀਡੀਓ ਤਿਆਰ ਕਰਨਾ ਐਨਾ ਸੁਖ਼ਾਲਾ ਨਹੀਂ, ਪਰ ਐਨਾ ਔਖਾ ਵੀ ਨਹੀਂ। ਤਕਨੀਕ ਨਕਲ ਤਾਂ ਕਰ ਸਕਦੀ ਹੈ ਅਤੇ ਨਕਲ ਕਦੇ ਅਸਲ ਨਹੀਂ ਹੁੰਦੀ। ਇਸ ਲਈ ਰਹਿ ਗਏ ਅੰਤਰ ਕਿਤੇ ਨਾ ਕਿਤੇ ਦਿਸ ਹੀ ਪੈਂਦੇ ਹਨ।

ਭਵਿੱਖ ਵਿਚ ਅਜਿਹੀਆਂ ਸਰਗਰਮੀਆਂ ਵਧਣ ਦੇ ਆਸਾਰ ਵੇਖਦਿਆਂ ਬਹੁਤ ਸਾਰੇ ਮੁਲਕਾਂ ਨੇ ਚੌਕਸੀ ਵਧਾ ਦਿੱਤੀ ਹੈ। ਨਿਯਮ-ਕਾਨੂੰਨ ਸਖ਼ਤ ਕਰ ਦਿੱਤੇ ਹਨ। ਚੀਨ, ਇੰਗਲਡ, ਦੱਖਣੀ ਕੋਰੀਆ, ਯੂਰਪੀਅਨ ਯੂਨੀਅਨ ਇਸ ਮਾਮਲੇ ਵਿਚ ਸਭ ਤੋਂ ਅੱਗੇ ਹਨ। ਡੀਪਫੇਕ ਦੇ ਵਧਦੇ ਰੁਝਾਨ ਦੇ ਮੱਦੇ-ਨਜ਼ਰ ਭਾਰਤ ਨੂੰ ਵੀ ਸਖ਼ਤ ਕਾਨੂੰਨ ਲਿਆਉਣ ਦੀ ਲੋੜ ਹੈ।

ਅਜਿਹਾ ਪਹਿਲੀ ਵਾਰ 2016-17 ਵਿਚ ਹੋਇਆ ਸੀ, ਜਦ ਅਮਰੀਕਾ ਦੇ ਬਹੁਤ ਸਾਰੇ ਪ੍ਰਸਿੱਧ ਵਿਅਕਤੀਆਂ ਦੇ ਨਕਲੀ ਵੀਡੀਓ ਸਾਹਮਣੇ ਆਏ ਸਨ।

ਭਾਰਤ ਵਿਚ ਅਜਿਹਾ ਕਰਨ ਵਾਲਿਆਂ ਨੂੰ ਆਈ.ਪੀ. ਐਕਟ 2000 ਦੇ ਆਧਾਰ ’ਤੇ ਇਕ ਲੱਖ ਰੁਪਏ ਜੁਰਮਾਨਾ ਅਤੇ 3 ਸਾਲ ਤੱਕ ਕੈਦ ਹੋ ਸਕਦੀ ਹੈ। ਪੀੜਤ ਵਿਅਕਤੀ ਅਦਾਲਤ ਵਿਚ ਮਾਨਹਾਨੀ ਦਾ ਦਾਅਵਾ ਵੀ ਕਰ ਸਕਦਾ ਹੈ।

ਤਕਨੀਕ ਤੇਜ਼ੀ ਨਾਲ ਬਦਲ ਰਹੀ ਹੈ। ਅਜਿਹੀਆਂ ਚੀਜ਼ਾਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਭਵਿੱਖ ਵਿਚ ਅਜਿਹੇ ਖਤਰੇ ਵਧਣ ਦੀ ਸੰਭਾਵਨਾ ਹੈ। ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਆਪੋ-ਆਪਣੇ ਹਾਲਾਤ ਅਨੁਸਾਰ ਕਦਮ ਚੁੱਕ ਰਹੀਆਂ ਹਨ। ਬੀਤੇ ਸਾਲਾਂ ਦੌਰਾਨ ਭਾਰਤ ਸਰਕਾਰ ਨੇ ਵੀ ਕਈ ਨਵੇਂ ਨਿਯਮ ਕਾਨੂੰਨ ਲਿਆਂਦੇ ਹਨ, ਜਿਨ੍ਹਾਂ ਨਾਲ ਕੁਝ ਫ਼ਰਕ ਵੀ ਪਿਆ ਹੈ, ਪਰੰਤੂ ਨਵੇਂ ਖ਼ਤਰਿਆਂ ਨਾਲ ਨਜਿੱਠਣ ਲਈ ਹੋਰ ਸਖ਼ਤ ਕਦਮ ਉਠਾਉਣ ਦੀ ਲੋੜ ਹੈ ਤਾਂ ਜੋ ਲੋਕਾਂ ਦੀ ਨਿੱਜਤਾ ਅਤੇ ਵਿਸ਼ਵਾਸ ਬਰਕਰਾਰ ਰਹੇ। ਇਹ ਬੇਹੱਦ ਗੰਭੀਰ ਮਾਮਲਾ ਹੈ, ਇਸੇ ਲਈ ਦਿੱਲੀ ਪੁਲਸ ਤੁਰੰਤ ਹਰਕਤ ਵਿਚ ਆ ਗਈ ਹੈ ਅਤੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ। ਸਰਕਾਰ ਨੇ ਵੀ ਇਸ ਨੂੰ ਅਤਿ ਗੰਭੀਰਤਾ ਨਾਲ ਲੈਂਦਿਆਂ ਕੁਝ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਹਨ।

**— ਪ੍ਰੋ. ਕੁਲਬੀਰ ਸਿੰਘ**

10-Dec-Sunday.qxd 12/9/2023 10:24 PM Page 2



# ਵਿਗਿਆਨਕ ਸੋਚ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾਓ

# ਅਮਨਦੀਪ ਸਿੰਘ

ਪੈੜਾਂ

## ਮੁਲਾਕਾਤੀ : ਪ੍ਰਿੰ. ਹਰੀ ਕ੍ਰਿਸ਼ਨ ਮਾਇਰ

ਅਮਨਦੀਪ ਸਿੰਘ ਨੂੰ ਮੈਂ ਵਿਗਿਆਨ ਗਲਪ ਦੇ ਤ੍ਰੈਮਾਸਕ ਈ-ਮੈਗਜ਼ੀਨ 'ਉਡਾਣ' ਕਰਕੇ ਜਾਨਣ ਲੱਗਾ ਸਾਂ। ਅਮਰੀਕਾ ਵਿੱਚ ਬੋਸਟਨ ਤੋਂ ਇਹ ਮੈਗਜ਼ੀਨ ਅਮਨਦੀਪ ਸਿੰਘ ਨੇ ਕੁਝ ਸਾਥੀਆਂ ਦੇ ਸਹਿਯੋਗ ਨਾਲ ਕੱਢਣਾ ਆਰੰਭ ਕੀਤਾ ਸੀ। ਮੈਨੂੰ ਕੈਨੇਡਾ ਆ ਕੇ ਪਤਾ ਲੱਗਾ ਕਿ ਉਹ ਪੰਜਾਬੀ ਵਿਗਿਆਨ ਗਲਪ ਕਹਾਣੀਆਂ ਵੀ ਲਿਖਦਾ ਹੈ। ਫਿਰ ਸਾਂਝ ਵਧਦੀ ਚਲੀ ਗਈ। ਉਹ ਛਪਣ ਤੋਂ ਪਹਿਲਾਂ ਉਡਾਣ ਦਾ ਡਰਾਫਟ ਵੀ ਵੈਟਿੰਗ ਲਈ ਮੈਨੂੰ ਭੇਜ ਦਿੰਦਾ ਹੈ। ਮੈਂ ਗਾਹੇ-ਬਗਾਹੇ ਕੁਝ ਸੁਝਾਅ ਵੀ ਉਸ ਨੂੰ ਦਿੰਦਾ ਰਹਿੰਦਾ ਹਾਂ। ਮੇਰੀਆਂ ਬੱਚਿਆਂ ਲਈ ਵਿਗਿਆਨਿਕ ਕਹਾਣੀਆਂ ਅਤੇ ਕਵਿਤਾਵਾਂ ਵੀ ਉਡਾਣ ਦਾ ਹਿੱਸਾ ਬਣੀਆਂ ਹਨ। ਮੇਰਾ ਮਨ ਕੀਤਾ ਕਿ ਅਮਨਦੀਪ ਸਿੰਘ ਦਾ ਤੁਆਰਫ ਵਿਸ਼ਵ ਪੱਧਰ 'ਤੇ ਪੰਜਾਬੀ ਪਾਠਕਾਂ ਨਾਲ ਕਰਾਵਾਂ, ਸੋ ਪੇਸ਼ ਹਨ ਉਸ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼ :

**? ਅਮਨਦੀਪ ਸਿੰਘ ਤੁਸੀਂ ਪੰਜਾਬ ਦੇ ਕਿਸ ਇਲਾਕੇ ਨਾਲ ਸੰਬੰਧਤ ਹੋ।**

—ਭਾਰਤੀ ਪੰਜਾਬ ਵਿਚ ਮੇਰਾ ਪੁਸ਼ਤੈਨੀ ਪਿੰਡ ਨੌਰਾ, ਨਵਾਂ ਸ਼ਹਿਰ ( ਹੁਣ ਸ਼ਹੀਦ ਭਗਤ ਸਿੰਘ ਨਗਰ) ਜ਼ਿਲ੍ਹੇ ਵਿੱਚ ਪੈਂਦਾ ਹੈ। ਇੱਥੇ ਮੈਂ ਪਿਤਾ ਸ੍. ਕਰਤਾਰ ਸਿੰਘ ਅਤੇ ਮਾਤਾ ਸਰਦਾਰਨੀ ਸੁਰਜੀਤ ਕੌਰ ਦੇ ਘਰ ਜੰਮਿਆ, ਪਲਿਆ ਅਤੇ ਵੱਡਾ ਹੋਇਆ, ਇੱਥੋਂ ਹੀ ਸਕੂਲ ਤੋਂ ਮੁਢਲੀ ਪੜ੍ਹਾਈ ਕੀਤੀ।

**? ਤੁਸੀਂ ਅੱਗੇ ਕਿੱਥੇ-ਕਿੱਥੇ ਪੜ੍ਹਾਈ ਕੀਤੀ।**

-ਦਸਵੀਂ ਤੱਕ ਪੜ੍ਹਾਈ ਮੈਂ ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਦਾ ਜੱਦੀ ਪਿੰਡ) ਦੇ ਆਦਰਸ਼ ਸਕੂਲ ਤੋਂ ਕੀਤੀ। ਉਸ ਤੋਂ ਬਾਅਦ ਮੈਂ ਸਿੱਖ ਨੈਸ਼ਨਲ ਕਾਲਜ ਬੰਗਾ ਤੋਂ ਪੜ੍ਹਿਆ। ਅੱਗੇ ਬੀ ਟੈੱਕ ( ਕੰਪਿਊਟਰ ਸਾਇੰਸ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਇਸ ਉਪਰੰਤ ਐੱਮ ਐੱਸ (ਇੰਜੀਨੀਅਰਿੰਗ ਮੈਨੇਜਮੈਂਟ) ਮੈਂ ਬਫਲੋ ਯੂਨੀਵਰਸਿਟੀ (ਨਿਊ ਯਾਰਕ ਸਟੇਟ) ਤੋਂ ਕੀਤੀ।

**? ਤੁਹਾਡੇ ਬਚਪਨ ਦੀ ਕੋਈ ਐਸੀ ਗੱਲ, ਜੋ ਤੁਹਾਨੂੰ ਕਦੀ ਵੀ ਨਾ ਭੁੱਲਦੀ ਹੋਵੇ।**

—ਮੈਨੂੰ ਤਿਉਹਾਰ ਮਨਾਉਣੇ ਬੜੇ ਚੰਗੇ ਲੱਗਦੇ ਸਨ। ਇੱਕ ਵਾਰ ਦੀਵਾਲੀ ਦੇ ਬਚੇ-ਖੁਚੇ ਪਟਾਕਿਆਂ ਦੀ ਢੇਰੀ ਬਣਾ ਕੇ ਮੈਂ ਅੱਗ ਲਗਾ ਦਿੱਤੀ। ਬੇਮੁਹਾਰੇ ਪਟਾਕੇ ਚੱਲਣ ਨਾਲ ਮੇਰਾ ਹੱਥ ਸੜ ਗਿਆ ਸੀ। ਮੈਨੂੰ ਅੱਜ ਵੀ ਉਹ ਦਰਦ ਯਾਦ ਹੈ। ਇਸ ਤੋਂ ਵੀ ਵੱਧ ਸ਼ਰਮਿੰਦਾ ਕਰਨ ਵਾਲੀ ਗੱਲ ਇਹ ਹੋਈ ਕਿ ਸਾਡੇ ਅਧਿਆਪਕ ਨੇ ਸਾਰੀ ਕਲਾਸ ਮੂਹਰੇ ਮੇਰਾ ਸੜਿਆ ਹੱਥ ਦਿਖਾਇਆ ਅਤੇ ਬੱਚਿਆਂ ਨੂੰ ਪਟਾਕੇ ਚਲਾਉਂਦੇ ਸਮੇਂ ਸਾਵਧਾਨੀ ਵਰਤਣ ਦਾ ਸੰਦੇਸ਼ ਦਿੱਤਾ ਸੀ।

**? ਤੁਹਾਡੇ ਅਧਿਆਪਕਾਂ 'ਚੋਂ ਤੁਹਾਨੂੰ ਕੁਝ ਚੰਗੇ-ਮਾੜੇ ਵੀ ਲੱਗਦੇ ਹੋਣਗੇ।**

—ਮੈਂ ਅਧਿਆਪਕਾਂ ਨੂੰ ਮਾੜਾ ਤਾਂ ਕਦੀ ਨਹੀਂ ਸਮਝਿਆ। ਸਾਡੇ ਪੰਜਾਬੀ ਅਤੇ ਹਿੰਦੀ ਦੇ ਅਧਿਆਪਕ ਬੜਾ ਵਧੀਆ ਪੜ੍ਹਾਉਂਦੇ ਸਨ। ਉਨ੍ਹਾਂ ਕਰਕੇ ਹੀ ਮੈਂ ਗੁਰਬਾਣੀ ਅਤੇ ਹੋਰ ਸਾਹਿਤ ਨਾਲ ਜੁੜ ਸਕਿਆ ਹਾਂ। ਮੇਰੇ ਹਿੰਦੀ ਦੇ ਅਧਿਆਪਕ ਕਮਲੇਸ਼ ਭਾਰਤੀ ਖੁਦ ਵਧੀਆ ਲੇਖਕ ਹਨ। ਉਹ ਮੇਰੇ ਪ੍ਰੇਰਣਾਸਰੋਤ ਵੀ ਹਨ। ਮੈਂ ਸਮਝਦਾ ਹਾਂ ਕਿ ਅਧਿਆਪਕ ਵਿਦਿਆਰਥੀਆਂ ਨੂੰ ਉਨ੍ਹਾ ਦੇ ਭਲੇ ਲਈ ਹੀ ਡਾਂਟਦੇ ਹਨ। ਇੱਥੇ ਮੈਂ ਅਧਿਆਪਕ ਦਿਵਸ 'ਤੇ ਲਿਖੀ ਨਜ਼ਮ ਦੀਆਂ ਕੁਝ ਸਤਰਾਂ ਦੇਣਾ ਚਾਹਾਂਗਾ–

'ਸਾਡੇ ਜੀਵਨ ਨੂੰ ਅਜਬ ਛੋਹ ਨੇ ਦਿੰਦੇ
ਇੱਕ ਜਾਦੂ ਭਰੀ ਜਿਹੀ ਲੋਅ ਨੇ ਦਿੰਦੇ
ਧਰੂ ਤਾਰਾ ਬਣ, ਚਾਨਣ ਮੁਨਾਰਾ ਬਣ
ਸਾਡੇ ਰਾਹ ਦਸੇਰੇ ਬਣਦੇ
ਕਿਤਾਬਾਂ ਦੀ ਰੌਸ਼ਨੀ ਨਾਲ
ਅਗਿਆਨਤਾ ਦਾ ਨ੍ਹੇਰਾ ਦੂਰ ਕਰਦੇ।'

**? ਤੁਹਾਡੇ ਨਿੱਕੇ ਹੁੰਦਿਆਂ ਦੇ ਪੱਕੇ ਆੜੀਆਂ ਬਾਰੇ ਦੱਸੋ।**

—ਕਈਆਂ ਦਾ ਤਾਂ ਥਹੁ-ਪਤਾ ਨਹੀਂ। ਕੁਝ ਅਮਰੀਕਾ ਤੇ ਕੈਨੇਡਾ ਵਿਚ ਹਨ। ਅਕਸਰ ਫੋਨ 'ਤੇ ਮੇਲਜੋਲ ਹੁੰਦਾ ਰਹਿੰਦਾ ਹੈ। ਇੱਕ ਮੇਰਾ ਪਿਆਰਾ ਮਿੱਤਰ ਦਵਿੰਦਰ ਸਿੰਘ ਹੈ, ਵਰਜੀਨੀਆ ਵਿੱਚ ਰਹਿੰਦਾ ਹੈ। ਸਾਡੇ ਦੋਹਾਂ ਦੇ ਸ਼ੌਕ ਮਿਲਦੇ ਹਨ। ਅਸੀਂ ਗੁਰਬਾਣੀ, ਧਰਮ, ਵਿਗਿਆਨ ਤੇ ਹੋਰ ਕਈ ਵਿਸ਼ਿਆਂ 'ਤੇ ਗੱਲਬਾਤ ਕਰਦੇ ਰਹਿੰਦੇ ਹਾਂ। ਉਹ ਮੇਰੀਆਂ ਕਹਾਣੀਆਂ ਦਾ ਪਾਠਕ ਵੀ ਹੈ। ਇੱਕ ਮੇਰਾ ਮਿੱਤਰ ਹਰਕੇਸ਼ ਸਿੰਘ ਹੈ, ਮੁਹਾਲੀ ਰਹਿੰਦਾ ਹੈ। ਸਾਹਿਤ ਸਿਰਜਨਾ ਲਈ ਉਹ ਮੈਨੂੰ ਪ੍ਰੇਰਿਤ ਕਰਦਾ ਰਹਿੰਦਾ ਹੈ।

**? ਤੁਹਾਨੂੰ ਸਾਹਿਤ ਦੀ ਚੇਟਕ ਕਦੋਂ ਲੱਗੀ।**

—ਮੇਰੇ ਪਿਤਾ ਜੀ ਨਿੱਕੇ ਹੁੰਦਿਆਂ ਹੀ ਮੈਨੂੰ ਨਗਰ ਕੀਰਤਨ ਕਵਿਤਾ ਮੁਕਾਬਲੇ ਵਿੱਚ ਲੈ ਕੇ ਜਾਂਦੇ ਸਨ। ਉਹ ਮੈਨੂੰ ਪੜ੍ਹਨ ਨੂੰ ਕਿਤਾਬਾਂ ਵੀ ਲਿਆ ਕੇ ਦਿੰਦੇ ਸਨ। ਮੈਂ ਛੋਟੀ ਉਮਰ ਵਿੱਚ ਹੀ ਪੰਜਾਬੀ ਦੇ ਚੋਟੀ ਦੇ ਲੇਖਕਾਂ ਦੀਆਂ ਕਿਤਾਬਾਂ ਪੜ੍ਹ ਲਈਆਂ ਸਨ। ਇੱਕ ਵਾਰ ਮੈਂ ਮਨੋਵਿਗਿਆਨਕ ਡਾਕਟਰ ਜਸਵੰਤ ਸਿੰਘ ਨੇਕੀ ਦੀਆਂ ਕਵਿਤਾਵਾਂ ਪੜ੍ਹ ਰਿਹਾ ਸਾਂ। ਕਵਿਤਾਵਾਂ ਦੇ ਨਾਲ ਚਿੱਤਰ ਵੀ ਸਨ। ਮੈਂ ਉਨ੍ਹਾ ਕਵਿਤਾਵਾਂ ਤੋਂ ਪ੍ਰਭਾਵਤ ਹੋ ਕੇ ਕੁਝ ਕਵਿਤਾਵਾਂ ਵੀ ਲਿਖੀਆਂ ਅਤੇ ਨਾਲ ਢੁਕਵੇਂ ਚਿੱਤਰ ਵੀ ਬਣਾਏ।



ਆਪਣੀ ਜੀਵਨ ਸਾਥੀ ਨਾਲ ਅਮਨਦੀਪ

**? ਕੰਪਿਊਟਰ ਸਾਇੰਸ ਹੀ ਕੈਰੀਅਰ ਬਣਾਉਣ ਲਈ ਕਿਉਂ ਚੁਣਿਆ।**

—ਮੈਂ ਇੰਜੀਨੀਅਰ ਬਣਨਾ ਚਾਹੁੰਦਾ ਸੀ। ਉਸ ਸਮੇਂ ਕੰਪਿਊਟਰ ਨਵਾਂ ਤੇ ਉੱਭਰ ਰਿਹਾ ਖੇਤਰ ਸੀ, ਮੈਨੂੰ ਇਸ ਖੇਤਰ ਵਿੱਚ ਆਪਣਾ ਭਵਿੱਖ ਉੱਜਲਾ ਦਿਸ ਰਿਹਾ ਸੀ। ਤਾਂ ਹੀ ਮੈਂ ਇਸ ਖੇਤਰ ਵਿੱਚ ਪੜ੍ਹਾਈ ਕੀਤੀ।

**? ਵਿਗਿਆਨ ਗਲਪ ਕਦੋਂ ਲਿਖਣ ਲੱਗੇ।**

ਛੋਟੇ ਹੁੰਦਿਆਂ ਮੈਨੂੰ ਆਕਾਸ਼ ਵਿੱਚ ਤਾਰੇ ਟਿਮਟਿਮਾਉਂਦੇ ਸੁਹਣੇ ਲੱਗਦੇ ਸਨ। ਨੀਝ ਨਾਲ ਤਾਰਿਆਂ ਨੂੰ ਦੇਖਦਾ। ਕਦੀ ਕੋਈ ਟੁੱਟਦਾ ਤਾਰਾ ਵੀ ਦਿਸ ਜਾਂਦਾ। ਇਹ ਵਰਤਾਰਾ ਬਹੁਤ ਵਿਸਮਾਦ ਭਰਿਆ ਸੀ। ਮੈਂ ਆਪਣੇ ਆਪ ਨੂੰ ਸਵਾਲ ਕਰਦਾ, ਅਸੀਂ ਕੌਣ ਹਾਂ ? ਕਿੱਥੋਂ ਆਏ ਹਾਂ ? ਕੀ ਕਿਤੇ ਹੋਰ ਵੀ ਸਾਡੀ ਧਰਤੀ ਵਾਂਗ ਲੋਕ ਵਸਦੇ ਹਨ ? ਇਸੇ ਸੋਚ ਨੇ ਮੈਨੂੰ ਵਿਗਿਆਨਕ ਕਹਾਣੀਆਂ ਪੜ੍ਹਨ ਅਤੇ ਲਿਖਣ ਦੀ ਚੇਟਕ ਲਗਾਈ। ਅੱਸੀ ਦੇ ਦਹਾਕੇ 'ਚ ਦੂਰਦਰਸ਼ਨ ਤੋਂ ਮਕਬੂਲ ਸੀਰੀਅਲ 'ਸਟਾਰ ਟਰੈਕ' ਅਤੇ ਮਸ਼ਹੂਰ ਤਾਰਾ ਵਿਗਿਆਨੀ ਲੇਖਕ ਕਾਰਲ ਸੈਗਨ ਦਾ ਬ੍ਰਹਿਮੰਡ ਬਾਰੇ ਜਾਣਕਾਰੀ ਭਰਪੂਰ ਪ੍ਰੋਗਰਾਮ 'ਕੌਸਮੌਸ' ਮੈਂ ਬੜੀ ਦਿਲਚਸਪੀ ਨਾਲ ਦੇਖਦਾ ਹੁੰਦਾ ਸੀ।

ਭਾਵੇਂ ਅੰਗਰੇਜ਼ੀ ਥੋੜ੍ਹੀ ਘੱਟ ਹੀ ਸਮਝ ਪੈਂਦੀ ਸੀ, ਪਰ ਇਸ ਦਾ ਪ੍ਰਭਾਵ ਮੇਰੇ 'ਤੇ ਜ਼ਰੂਰ ਪੈਂਦਾ ਸੀ। ਮਨ 'ਤੇ ਇਨ੍ਹਾਂ ਦੀ ਡੂੰਘੀ ਛਾਪ ਕਰਕੇ ਮੈਂ ਵਿਗਿਆਨ ਅਤੇ ਸਾਇੰਸ ਫਿਕਸ਼ਨ ਵੱਲ ਰੁਚਿਤ ਹੋਇਆ।

**? ਤੁਸੀਂ ਫੈਂਟਸੀ ਤੇ ਵਿਗਿਆਨ ਗਲਪ ਨੂੰ ਕਿਵੇਂ ਅਲੱਗ ਦੇਖਦੇ ਹੋ।**

—ਦੋਵੇਂ ਗਲਪ ਦੀਆਂ ਸ਼ੈਲੀਆਂ ਹਨ। ਫੈਂਟਸੀ ਯੁੱਗਾਂ ਪੁਰਾਣੀਆਂ ਪਰੀ ਕਥਾਵਾਂ, ਜਿਨ੍ਹਾਂ ਵਿੱਚ ਭੂਤ-ਪ੍ਰੇਤ, ਜਾਦੂ, ਦੈਵੀ ਸ਼ਕਤੀਆਂ ਆਦਿ ਵਿਸ਼ੇ ਸਨ, ਪਰ ਵਿਗਿਆਨ ਗਲਪ ਵਿੱਚ ਕੋਈ ਜਾਦੂ ਤੇ ਦੈਵੀ ਸ਼ਕਤੀ ਵਾਲਾ ਪਾਤਰ ਨਹੀਂ ਹੁੰਦਾ। ਇਸ ਵਿੱਚ ਘਟਨਾਕ੍ਰਮ ਦੀ ਵਿਆਖਿਆ ਦਾ ਆਧਾਰ ਵਿਗਿਆਨਕ ਹੁੰਦਾ ਹੈ, ਜਿਵੇਂ ਗੁਰੂਤਾ ਆਕਰਸ਼ਨ।

**? ਫਿਰ ਤੁਸੀਂ ਸਿਰਜਣਾ ਵੱਲ ਕਿਵੇਂ ਅੱਗੇ ਵਧੇ।**

—ਮੈਂ ਸਾਇੰਸ ਫਿਕਸ਼ਨ ਬਾਰੇ ਪਹਿਲੀ ਵਾਰੀ ਹਿੰਦੀ ਦੇ 'ਪਰਾਗ' ਰਸਾਲੇ ਵਿੱਚ ਪੜ੍ਹਿਆ। ਅੰਗਰੇਜ਼ੀ ਦੀ ਪਾਠ ਪੁਸਤਕ ਵਿੱਚ ਪ੍ਰਸਿੱਧ ਲੇਖਕ ਐੱਚ ਜੀ ਵੈਲਜ਼ ਦੀਆਂ ਕਹਾਣੀਆਂ ਪੜ੍ਹੀਆਂ। ਮਨ ਵਿਚ ਵਿਗਿਆਨਕ ਸੋਚ ਅਤੇ ਤਰਕ ਪੈਦਾ ਹੋ ਗਏ। ਮਨ ਵਿੱਚ ਸਵਾਲ ਉੱਭਰਿਆ ਕਿ ਪੰਜਾਬੀ ਵਿੱਚ ਅਜੇ ਤੱਕ ਇਹੋ ਜਿਹੀਆਂ ਕਹਾਣੀਆਂ ਕਿਉਂ ਨਹੀਂ ਛਪੀਆਂ ? ਸਹਿਜ ਸੁਭਾਅ ਮੈਂ ਇੱਕ ਕਹਾਣੀ 'ਨਾਪ ਟਾਈਡ' ਲਿਖੀ। ਇਹ ਕਹਾਣੀ ਬ੍ਰਹਿਮੰਡ ਦੇ ਇੱਕ ਗ੍ਰਹਿ ਤੇ ਰੋਬੋਟਾਂ ਦੀ ਬਗਾਵਤ ਅਤੇ ਉਸ ਤੋਂ ਹੋਣ ਵਾਲੀ ਤਬਾਹੀ ਨੂੰ ਦਰਸਾਉਂਦੀ ਸੀ।

**? ਇਸ ਕਾਲਪਨਿਕ ਉਡਾਰੀ ਭਰਨ ਤੋਂ ਪਹਿਲਾਂ ਕਿਤੇ ਤੁਸੀਂ ਜਾਸੂਸੀ ਨਾਵਲ ਤਾਂ ਨਹੀਂ ਪੜ੍ਹਦੇ ਰਹੇ।**

—ਤੁਸੀਂ ਸਹੀ ਅੰਦਾਜਾ ਲਗਾਇਆ ਹੈ, ਮੈਂ ਹਿੰਦੀ ਵਿਚ ਬਹੁਤ ਸਾਰੇ ਜਾਸੂਸੀ ਨਾਵਲ ਪੜ੍ਹੇ ਸਨ। ਇਸ ਦੇ ਨਾਲ ਹੀ ਮੈਂ ਕਾਮਿਕਸ ਵੀ ਪੜ੍ਹਦਾ ਹੁੰਦਾ ਸਾਂ। ਉਂਝ ਮੈਂ ਸਾਹਿਤ ਨੂੰ ਬੜਾ ਨਿੱਠ ਕੇ ਪੜ੍ਹਿਆ ਹੈ।

**? ਪਹਿਲੀ ਸਾਹਿਤਕ ਰਚਨਾ ਕਦੋਂ ਤੇ ਕਿੱਥੇ ਛਪੀ।**

—ਭਾਸ਼ਾ ਵਿਭਾਗ ਦੇ ਰਸਾਲੇ 'ਜਨ ਸਾਹਿਤ' ਵਿੱਚ ਛਪੀ ਸੀ। ਮੈਨੂੰ ਇਸ ਦਾ 35 ਰੁਪਏ ਮਾਣ-ਭੱਤਾ ਵੀ ਮਿਲਿਆ ਸੀ।

**? ਪੁਸਤਕ ਛਾਪਣ ਦਾ ਵਿਚਾਰ ਕਦੋਂ ਆਇਆ ? ਤੁਹਾਡੀ ਪਹਿਲੀ ਪੁਸਤਕ ਕਿਹੜੀ ਹੈ।**

—ਮੇਰੀਆਂ ਬਹੁਤ ਸਾਰੀਆਂ ਵਿਗਿਆਨ ਗਲਪ ਕਹਾਣੀਆਂ ਪੰਜਾਬੀ ਦੇ ਰਸਾਲੇ 'ਜਾਗ੍ਰਿਤੀ' ਵਿਚ ਬਲਜੀਤ ਸਿੰਘ ਬੱਲੀ ਨੇ ਛਾਪੀਆਂ। ਸੰਨ 1989 'ਚ ਮੇਰੀ ਪਹਿਲੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ' ਪ੍ਰਕਾਸ਼ਤ ਹੋਈ। ਇਹ ਕਿਤਾਬ ਪੰਜਾਬੀ ਵਿਚ ਵਿਗਿਆਨ ਗਲਪ ਕਹਾਣੀਆਂ ਦੀ ਪਹਿਲੀ ਕਿਤਾਬ ਹੈ। ਇਸ ਪੁਸਤਕ ਨੂੰ ਛਾਪਣ ਵਿਚ ਮੇਰੇ ਪਿਤਾ ਜੀ ਅਤੇ ਬਲਜੀਤ ਸਿੰਘ ਬੱਲੀ ਦਾ ਵੱਡਾ ਯੋਗਦਾਨ ਸੀ।

**? ਤੁਹਾਡੀ ਪਹਿਲੀ ਕਿਤਾਬ ਨੂੰ ਲੋਕਾਂ ਦਾ ਕਿੰਨਾ ਕੁ ਹੁੰਗਾਰਾ ਮਿਲਿਆ।**

—ਇਹ ਕਿਤਾਬ ਕਾਫੀ ਸਕੂਲਾਂ ਅਤੇ ਲਾਇਬਰੇਰੀਆਂ ਨੂੰ ਭੇਜੀ ਗਈ। ਅੰਗਰੇਜ਼ੀ ਅਤੇ ਪੰਜਾਬੀ ਦੇ ਅਖ਼ਬਾਰਾਂ ਵਿਚ ਇਸ ਪੁਸਤਕ ਦੇ ਹੌਸਲਾ ਵਧਾਉਣ ਵਾਲੇ ਰੀਵਿਊ ਪ੍ਰਕਾਸ਼ਤ ਹੋਏ। ਪਾਠਕਾਂ ਦੇ ਖਤ ਵੀ ਆਏ। ਡਾ. ਡੀ ਪੀ ਸਿੰਘ ਨਾਲ ਇਨ੍ਹਾਂ ਦਿਨਾਂ ਵਿੱਚ ਹੀ ਰਾਬਤਾ ਬਣਿਆ। ਉਨ੍ਹਾ ਮੇਰੀ ਇੱਕ ਕਹਾਣੀ 'ਭਵਿੱਖ ਦੀ ਪੈੜ' ਇੱਕ ਸਾਂਝੇ ਕਹਾਣੀ ਸੰਗ੍ਰਹਿ ਵਿੱਚ ਪ੍ਰਕਾਸ਼ਤ ਵੀ ਕੀਤੀ। ਉਨ੍ਹਾ ਮੈਨੂੰ ਪੰਜਾਬੀ ਵਿੱਚ ਵਿਗਿਆਨ ਗਲਪ ਕਹਾਣੀ ਲਿਖਣ ਵਾਲਾ ਪਹਿਲਾ ਲੇਖਕ ਹੋਣ ਦਾ ਜ਼ਿਕਰ ਵੀ ਕੀਤਾ। ਡਾ. ਡੀ ਪੀ ਸਿੰਘ ਵਿਗਿਆਨ ਗਲਪ ਦਾ ਵਧੀਆ ਲੇਖਕ ਹੈ। ਉਸ ਨੇ ਗ੍ਰਾਸ ਰੂਟ ਲੈਵਲ 'ਤੇ ਬਹੁਤ ਕੰਮ ਕੀਤਾ ਹੈ।

**? ਹੋਰ ਭਾਸ਼ਾਵਾਂ ਦੀ ਤੁਲਨਾ ਵਿੱਚ ਕਿਸ ਮਿਆਰ ਨੂੰ ਆਦਰਸ਼ ਮੰਨ ਕੇ ਤੁਸੀਂ ਆਪਣੀਆਂ ਕਹਾਣੀਆਂ ਵਿਚ ਗੁਣਾਤਮਕ ਰੱਦੋ-ਬਦਲ ਕਰਦੇ ਹੋ।**

—ਮੇਰੀਆਂ ਕਹਾਣੀਆਂ ਅੱਜ ਦੇ ਵਿਗਿਆਨਕ ਯੁੱਗ ਵਿਚ ਹੋਣ ਵਾਲੀਆਂ ਘਟਨਾਵਾਂ ਨੂੰ ਦਰਸਾਉਣ ਦਾ ਇੱਕ ਉਪਰਾਲਾ ਹੈ। ਮੈਂ ਚਾਹੁੰਦਾ ਹਾਂ ਮੇਰੀਆਂ ਕਹਾਣੀਆਂ ਰਾਹੀਂ ਪਾਠਕਾਂ ਨੂੰ ਵਿਗਿਆਨਕ ਜਾਣਕਾਰੀ ਮਿਲੇ। ਉਨ੍ਹਾਂ ਦੇ ਮਨਾਂ ਵਿਚ ਵਿਗਿਆਨ ਨੂੰ ਸਮਝਣ ਦੀ ਉਤਸੁਕਤਾ ਪਨਪ ਸਕੇ। ਵਿਗਿਆਨ ਗਲਪ ਕਹਾਣੀਆਂ ਮਨੁੱਖ ਦੀ ਤਾਰਿਆਂ ਤੋਂ ਬਾਹਰ ਪਰਵਾਜ਼, ਪ੍ਰਮਾਣੂ ਸ਼ਕਤੀ ਦੇ ਭਿਆਨਕ ਪਰਿਣਾਮ, ਰੋਬੋਟਾਂ ਦੀ ਦੁਨੀਆ, ਕਾਲ ਯਾਤਰਾ ਜਿਹੇ ਵਿਸ਼ਿਆਂ 'ਤੇ ਕਹਾਣੀਆਂ ਮਨੁੱਖੀ ਸੰਵੇਦਨਾਵਾਂ ਨੂੰ ਹਲੂਣਦੀਆਂ ਹਨ। ਮੈਂ ਸ੍ਰਿਸ਼ਟੀ ਦੇ ਮੂਲ ਪਿਆਰ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਨਾ ਜ਼ਰੂਰੀ ਸਮਝਦਾ ਹਾਂ। ਮੈਂ ਅੰਗਰੇਜ਼ੀ ਸਾਇੰਸ ਫਿਕਸ਼ਨ ਲੇਖਕ ਆਰਥਰ ਸੀ ਕਲਾਰਕ ਤੇ ਕਾਰਲ ਸੈਗਨ ਦੀਆਂ ਲਿਖਤਾਂ ਨੂੰ ਆਪਣਾ ਆਦਰਸ਼ ਮੰਨਦਾ ਹਾਂ। ਉਨ੍ਹਾਂ ਦੀ ਸੋਚ ਅਤੇ ਖਿਆਲ ਅਦਭੁੱਤ ਹਨ।

**? ਤੁਸੀਂ ਕਿਸੇ ਹੋਰ ਸਾਹਿਤਕ ਵੰਨਗੀ 'ਤੇ ਵੀ ਕਲਮ ਅਜ਼ਮਾਈ ਕੀਤੀ ਹੈ।**

—ਮੈਂ ਬਹੁਤ ਸਾਰੀਆਂ ਕਵਿਤਾਵਾਂ ਵੀ ਲਿਖੀਆਂ, ਜਿਵੇਂ ਕਿ ਹਰ ਲੇਖਕ ਪਹਿਲਾਂ ਕਵੀ ਹੁੰਦਾ ਹੈ ਅਤੇ ਕਵਿਤਾ ਆਪ-ਮੁਹਾਰੇ ਹੀ ਲਿਖੀ ਜਾਂਦੀ ਹੈ। ਮੇਰੀਆਂ ਕੁਝ ਕਵਿਤਾਵਾਂ ਨੂੰ ਅੰਮ੍ਰਿਤਾ ਪ੍ਰੀਤਮ ਦੇ ਮੈਗਜ਼ੀਨ 'ਨਾਗਮਣੀ' ਵਿੱਚ ਛਪਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਮੈਂ ਵਿਗਿਆਨ ਦੇ ਹੋਰ ਵਿਸ਼ਿਆਂ 'ਤੇ ਨਿਬੰਧ ਵੀ ਲਿਖੇ ਹਨ।

**? ਬੱਚਿਆਂ ਦੇ ਕਈ ਵਾਰੀ ਵਿਗਿਆਨ ਗਲਪ ਪੱਲੇ ਨਹੀਂ ਪੈਂਦਾ, ਇਸ ਦਾ ਕੀ ਹੱਲ ਹੈ।**

—ਸਾਹਿਤ ਜੇ ਬੱਚਿਆਂ ਦੇ ਆਯੂ ਗੁੱਟ ਮੁਤਾਬਕ ਰਚਿਆ ਜਾਵੇਗਾ, ਜ਼ਰੂਰ ਸਮਝ ਆਵੇਗਾ।



ਇੱਕ ਸਮਾਗਮ ਵਿੱਚ ਸਨਮਾਨ ਲੈਂਦੇ ਹੋਏ।

**? ਜੇ ਵਿਗਿਆਨਕ ਕਹਾਣੀਆਂ ਬੱਚਿਆਂ ਨੂੰ ਸਮਝ ਆਉਣ ਲੱਗ ਪੈਣ ਤਾਂ ਇਸ ਦਾ ਕੀ ਫਾਇਦਾ ਹੋਵੇਗਾ।**

—ਉਹ ਵੱਡੇ ਹੋ ਕੇ ਤਰਕਸ਼ੀਲ ਮਨੁੱਖ ਬਣਨਗੇ। ਬਾਬਿਆਂ ਦੇ ਪੈਰਾਂ ਵਿੱਚ ਨਹੀਂ ਡਿਗਣਗੇ। ਧਰਮ ਦੇ ਮਾਅਨੇ ਸਮਝ ਸਕਣਗੇ। ਭਰਮਾਂ ਵਿੱਚ ਨਹੀਂ ਪੈਣਗੇ। ਇੰਝ ਆਦਰਸ਼ ਸਮਾਜ ਦੀ ਨੀਂਹ ਬੱਝ ਸਕਦੀ ਹੈ।

**? ਤੁਹਾਡੇ ਮਨ ਵਿੱਚ ਈ-ਮੈਗਜ਼ੀਨ ਕੱਢਣ ਦਾ ਵਿਚਾਰ ਕਿਵੇਂ ਆਇਆ, ਚਾਰ ਅੰਕ ਨਿਕਲਣ ਤੋਂ ਬਾਅਦ ਹੁਣ ਕਿਵੇਂ ਮਹਿਸੂਸ ਹੋ ਰਿਹਾ ਹੈ।**

—ਬੜੇ ਸਾਲਾਂ ਤੋਂ ਮੇਰੇ ਮਨ ਵਿੱਚ ਰਸਾਲਾ ਸ਼ੁਰੂ ਕਰਨ ਦੀ ਇੱਛਾ ਸੀ, ਪਰ ਢੁਕਵਾਂ ਸਮਾਂ ਪਿੱਛਲੇ ਸਾਲ ਹੀ ਮਿਲਿਆ। ਅਮਰੀਕਾ ਵਿੱਚ ਰਹਿੰਦਿਆਂ ਸਥਾਨਕ ਗੁਰਦੁਆਰਾ ਸਾਹਿਬ, ਕਈ ਸਮਾਜ ਸੇਵੀ ਸੇਵੀ ਸੰਸਥਾਵਾਂ ਅਤੇ ਸਪਨੇ ( ਸਾਊਥ ਏਸ਼ੀਅਨ ਪੋਇਟਸ ਆਫ ਨਿਊ ਇੰਗਲੈਂਡ) ਸੰਸਥਾ ਵਿੱਚ ਲਗਾਤਾਰ ਸ਼ਮੂਲੀਅਤ ਕਰਦਾ ਰਹਿੰਦਾ ਹਾਂ। ਇਨ੍ਹਾਂ ਵੱਲੋਂ ਆਯੋਜਿਤ ਸਮਾਗਮਾਂ ਦੀ ਮੈਂ ਰਿਪੋਰਟਿੰਗ ਵੀ ਕਰਦਾ ਰਿਹਾ ਹਾਂ। ਇਸ ਤਰ੍ਹਾਂ ਮੈਨੂੰ ਨਿਊਜ਼ ਰਿਪੋਰਟ ਤਿਆਰ ਕਰਨ ਦਾ ਤਜਰਬਾ ਹੋ ਗਿਆ। ਇਹ ਤਜਰਬਾ 'ਉਡਾਣ' ਦੀ ਸੰਪਾਦਕੀ ਵੇਲੇ ਕੰਮ ਆ ਰਿਹਾ ਹੈ। ਚਾਰ ਅੰਕ ਨਿਕਲ ਜਾਣ 'ਤੇ ਮੈਨੂੰ ਖੁਸ਼ੀ ਅਤੇ ਤਸੱਲੀ ਮਹਿਸੂਸ ਹੋ ਰਹੀ ਹੈ। ਪਾਠਕ ਇਸ ਮੈਗਜ਼ੀਨ ਨੂੰ ਪਸੰਦ ਕਰ ਰਹੇ ਹਨ। ਵਿਗਿਆਨ ਸਾਹਿਤ ਲਿਖਣ ਵਾਲਿਆਂ ਲਈ ਇਹ ਇੱਕ ਨਵਾਂ ਰਾਹ ਖੁੱਲ੍ਹ ਗਿਆ ਹੈ। ਉਮੀਦ ਹੈ ਕਿ ਨਵੇਂ ਲੇਖਕ ਤੇ ਪਾਠਕ 'ਉਡਾਣ' ਨਾਲ ਜੁੜਨਗੇ।



**? ਪੰਜਾਬੀ 'ਚ ਵਿਗਿਆਨ ਗਲਪ 'ਤੇ ਕਿੰਨਾ ਕੁ ਲਿਖਿਆ ਜਾ ਰਿਹਾ ਹੈ।**

—ਪੰਜਾਬੀ ਵਿੱਚ ਵਿਗਿਆਨ ਗਲਪ 'ਤੇ ਕੋਈ ਬਹੁਤਾ ਕੰਮ ਨਹੀਂ ਹੋ ਰਿਹਾ, ਪਰ ਜੋ ਹੋ ਰਿਹਾ, ਉਹ ਵਧੀਆ ਹੈ। ਡਾ. ਡੀ ਪੀ ਸਿੰਘ, ਅਜਮੇਰ ਸਿੱਧੂ, ਰੂਪ ਢਿੱਲੋਂ ਅਤੇ ਕੁਝ ਹੋਰ ਨਵੇਂ ਲੇਖਕ ਇਸ ਵੰਨਗੀ 'ਤੇ ਲਿਖ ਰਹੇ ਹਨ। ਉਡਾਣ ਵਿਗਿਆਨ ਗਲਪ ਈ ਮੈਗਜ਼ੀਨ ਦਾ ਉਦੇਸ਼ ਸੂਝਵਾਨ ਪੰਜਾਬੀ ਪਾਠਕਾਂ ਲਈ ਮਿਆਰੀ ਵਿਗਿਆਨ ਸਾਹਿਤ ਉਪਲੱਬਧ ਕਰਾਉਣਾ ਹੈ। ਉਨ੍ਹਾਂ ਅੰਦਰ ਵਿਸ਼ਾਲ ਸੰਸਾਰ ਪ੍ਰਤੀ ਉਤਸੁਕਤਾ ਉਤਪੰਨ ਕਰਨਾ ਹੈ, ਵਿਗਿਆਨ ਦੇ ਨਫੇ-ਨੁਕਸਾਨ ਤੋਂ ਜਾਣੂ ਕਰਾਉਣਾ, ਬ੍ਰਹਿਮੰਡੀ ਭਾਈਚਾਰੇ ਦਾ ਸੁਨੇਹਾ ਦੇਣਾ ਅਤੇ ਤਰਕਸ਼ੀਲ ਸੋਚ ਪੈਦਾ ਕਰਨਾ ਹੈ।

**? ਹੋਰਨਾਂ ਭਾਸ਼ਾਵਾਂ ਨਾਲੋਂ ਪੰਜਾਬੀ ਲੇਖਕ ਵਿਗਿਆਨ ਗਲਪ ਵੱਲ ਘੱਟ ਰੁਚਿਤ ਕਿਉਂ ਹੈ।**

—ਆਪਣੇ-ਆਪਣੇ ਸ਼ੌਕ ਦੀ ਗੱਲ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਬੱਚਿਆਂ ਵਿੱਚ ਬਚਪਨ ਤੋਂ ਹੀ ਵਿਗਿਆਨ ਨਾਲ ਸੰਬੰਧਤ ਰਚਨਾਵਾਂ ਪੜ੍ਹਨ ਦੀ ਰੁਚੀ ਵਿਕਸਤ ਕੀਤੀ ਜਾਣੀ ਚਾਹੀਦੀ ਹੈ। ਵਿਗਿਆਨ ਗਲਪ ਪੜ੍ਹਨਗੇ ਤਾਂ ਉਨ੍ਹਾਂ ਵਿੱਚੋਂ ਵਿਗਿਆਨਕ ਗਲਪ ਲਿਖਣ ਵਾਲੇ ਲੇਖਕ ਵੀ ਪੈਦਾ ਹੋਣਗੇ।

**? ਤੁਹਾਡੀਆਂ ਕਿਹੜੀਆਂ ਪੁਸਤਕਾਂ ਪ੍ਰਕਾਸਤ ਹੋਈਆਂ ਹਨ।**

—ਵਿਗਿਆਨ ਗਲਪ ਕਹਾਣੀਆਂ ਦੀ ਪੁਸਤਕ 'ਟੁੱਟਦੇ ਤਾਰਿਆਂ ਦੀ ਦਾਸਤਾਨ' (1989), ਕਵਿਤਾਵਾਂ ਦੀ ਪੁਸਤਕ 'ਕੰਕਰ ਪੱਥਰ' (2016), ਪੰਜਾਬੀ ਅਤੇ ਹਿੰਦੀ 'ਚ ਬੱਚਿਆਂ ਲਈ ਕਵਿਤਾਵਾਂ ਦੀ ਪੁਸਤਕ 'ਟਿਮ ਟਿਮ ਚਮਕੇ ਨਿੱਕਾ ਤਾਰਾ' (2021), ਸੁਰਾਹੀ(2022), ਵਿਗਿਆਨ ਗਲਪ ਕਹਾਣੀਆਂ ਦੀ ਪੁਸਤਕ 'ਸਿਤਾਰਿਆਂ ਤੋਂ ਅੱਗੇ' (2022) ਮੈਂ ਪੰਜਾਬੀ ਪਾਠਕਾਂ ਦੀ ਝੋਲੀ ਵਿੱਚ ਅਰਪਣ ਕਰ ਚੁੱਕਾ ਹਾਂ।

**? ਤੁਹਾਡੀ ਆਉਣ ਵਾਲੀ ਪੁਸਤਕ ਕਿਹੜੀ ਹੈ।**

—ਵਾਰਤਕ ਦੀ ਪੁਸਤਕ 'ਸੁਪਨੇ ਤੇ ਤਾਲਾਸ਼' 'ਤੇ ਕੰਮ ਕਰ ਰਿਹਾ ਹਾਂ। ਮੇਰਾ ਮਨ ਇੱਕ ਨਾਵਲ ਅਤੇ ਗਲਪ ਕਹਾਣੀਆਂ ਦੀ ਪੁਸਤਕ ਦੇਣ ਦਾ ਵੀ ਹੈ।

**? ਅੱਜਕੱਲ੍ਹ ਤੁਹਾਡਾ ਰੁਝੇਵਾਂ ਕੀ ਹੈ।**

—ਮੈਂ ਰੁਜ਼ਗਾਰ ਦੀ ਭਾਲ ਕਰਦਾ ਅਮਰੀਕਾ ਆ ਵਸਿਆ। ਐਥੇ ਆ ਕੇ ਮੈਂ ਵਿਅਸਤ ਹੋ ਗਿਆ। ਅੱਜਕੱਲ੍ਹ ਬੋਸਟਨ ਵਿਖੇ ਵਾਤਾਵਰਨ ਅਤੇ ਊਰਜਾ ਵਿਭਾਗ ਵਿਚ ਕੰਪਿਊਟਰ ਇੰਜੀਨੀਅਰ ਹਾਂ। ਉਂਝ ਮੈਂ ਪੰਜਾਬੀ ਦਾ ਅਧਿਆਪਕ ਬਣਨਾ ਚਾਹੁੰਦਾ ਸੀ। ਇਹ ਸ਼ੌਕ ਮੈਂ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨੂੰ ਗੁਰਬਾਣੀ ਅਤੇ ਪੰਜਾਬੀ ਪੜ੍ਹਾ ਕੇ ਪੂਰਾ ਕਰਦਾ ਹਾਂ। ਮੇਰਾ ਸੁਪਨਾ ਹੈ ਕਿ ਹਾਰਵਰਡ ਅਤੇ ਅਮਰੀਕਾ ਦੀਆਂ ਹੋਰ ਯੂਨੀਵਰਸਿਟੀਆਂ ਵਿੱਚ ਪੰਜਾਬੀ ਭਾਸ਼ਾ ਪੜ੍ਹਾਈ ਜਾਵੇ। ਅਸੀਂ ਇੱਥੇ 'ਸਾਂਝਾ ਪੰਜਾਬ' ਨਾਂਅ ਦੀ ਇੱਕ ਸੰਸਥਾ ਵੀ ਬਣਾਈ ਹੈ। ਇਹ ਵੀ ਮਾਣ ਦੀ ਗੱਲ ਹੈ ਕਿ ਕੈਨੇਡਾ ਅਤੇ ਅਮਰੀਕਾ ਵਿੱਚ ਪੰਜਾਬੀ ਪੜ੍ਹਾਉਣ ਦਾ ਰੁਝਾਨ ਵਧ ਰਿਹਾ ਹੈ।

**? ਭਵਿੱਖ ਦੀਆਂ ਯੋਜਨਾਵਾਂ ਕੀ ਹਨ।**

—ਮੇਰਾ ਭਵਿੱਖ ਦਾ ਉਦੇਸ਼ ਬੱਚਿਆਂ ਅੰਦਰ ਵਿਗਿਆਨ ਸਾਹਿਤ ਪ੍ਰਤੀ ਰੁਚੀ ਨੂੰ ਜਗਾਉਣਾ ਹੀ ਹੈ। ਮੇਰੀ ਬੱਚਿਆਂ ਲਈ ਇਕ ਵੈੱਬਸਾਈਟ : punjabikids.org ਹੈ। ਇਸ ਵਿੱਚ ਬੱਚਿਆਂ ਲਈ ਚੋਖੀ ਵਿਗਿਆਨਕ ਜਾਣਕਾਰੀ ਉਪਲੱਬਧ ਹੈ। ਬੱਚੇ ਇਸ ਸਾਈਟ ਦਾ ਵੀ ਫਾਇਦਾ ਲੈ ਸਕਦੇ ਹਨ। ਕਵਿਤਾਵਾਂ ਅਤੇ ਕਹਾਣੀਆਂ ਰਾਹੀਂ ਗੁੰਝਲਦਾਰ ਵਿਗਿਆਨਕ ਸੰਕਲਪਾਂ ਨੂੰ ਸੌਖਾ ਬਣਿਆ ਦੇਖ ਸਕਦੇ ਹੋ। ਵਿਗਿਆਨ ਗਲਪ ਦੇ ਲੇਖਕਾਂ ਦੀਆਂ ਕਹਾਣੀਆਂ ਨਾਲ ਸਾਂਝ ਪਾ ਸਕਦੇ ਹੋ। ਤਾਰਿਆਂ ਭਰੇ ਅੰਬਰ ਦੇ ਗੀਤਾਂ ਦਾ ਆਨੰਦ ਮਾਣ ਸਕਦੇ ਹੋ।

**? ਵਿਗਿਆਨ ਸਾਹਿਤ ਪਾਠਕਾਂ ਤੱਕ ਪੁੱਜਦਾ ਕਿਵੇਂ ਹੋ ਸਕਦਾ।**

—ਸਕੂਲਾਂ ਅਤੇ ਲਾਇਬ੍ਰੇਰੀਆਂ ਨੂੰ ਵਿਗਿਆਨ ਸਾਹਿਤ ਭੇਜਿਆ ਜਾਣਾ ਚਾਹੀਦਾ ਹੈ। ਵਿਗਿਆਨ ਨਾਲ ਸੰਬੰਧਤ ਮੈਗਜ਼ੀਨ ਨਿਕਲਣੇ ਚਾਹੀਦੇ ਹਨ। ਵਿਗਿਆਨ ਸਾਹਿਤ ਨੂੰ ਅੱਗੇ ਵਧਾਉਣ ਲਈ ਲੇਖਕਾਂ ਦੀਆਂ ਐਸੋਸੀਏਸ਼ਨਾਂ ਹੋਣੀਆਂ ਚਾਹੀਦੀਆਂ ਹਨ, ਜੋ ਵਿਗਿਆਨ ਸਾਹਿਤ ਦੀ ਚੋਣ, ਇਸ ਨੂੰ ਪਾਠਕਾਂ ਤੀਕ ਪੁੱਜਦੇ ਕਰਨ ਦੇ ਵਸੀਲਿਆਂ ਦੀ ਤਲਾਸ਼ ਕਰਨ ਅਤੇ ਯੋਜਨਾਵਾਂ ਨੂੰ ਲਾਗੂ ਕਰਾਉਣ ਦੇ ਯਤਨ ਕਰਨ। 'ਉਡਾਣ' ਈ-ਮੈਗਜ਼ੀਨ ਵੀ ਇਸੇ ਲੜੀ ਵਿੱਚ ਕੀਤਾ ਗਿਆ ਇੱਕ ਯਤਨ ਹੈ। ਇਸ ਨੂੰ ਮੈਗਜ਼ੀਨ ਦੀ ਸਾਈਟ : uddanpunjabi.com 'ਤੇ ਵੀ ਪੜ੍ਹਿਆ ਜਾ ਸਕਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਵਿਗਿਆਨ ਸਾਹਿਤ ਦਾ ਹੋਣਾ ਲਾਜ਼ਮੀ ਬਣਾਵੇ। ਪ੍ਰਯੋਗਸ਼ਾਲਾਵਾਂ ਵਿੱਚ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਪ੍ਰਯੋਗ ਕਰਕੇ ਦਿਖਾਏ ਜਾਣ। ਸਮੇਂ-ਸਮੇਂ ਬੱਚਿਆਂ ਨੂੰ ਵੱਡੀਆਂ ਪ੍ਰਯੋਗਸ਼ਾਲਾਵਾਂ ਦੀ ਗੇੜੀ ਲਗਵਾਈ ਜਾਵੇ। ਵਿਗਿਆਨ ਮੇਲਿਆਂ ਅਤੇ ਗੋਸ਼ਟੀਆਂ ਦਾ ਆਯੋਜਨ ਕੀਤਾ ਜਾਵੇ।

**? ਨਵੇਂ ਲਿਖਣ ਵਾਲਿਆਂ ਨੂੰ ਕੋਈ ਸੁਝਾਅ ਦੇਣਾ ਹੋਵੇ।**

—ਚੰਗਾ ਲੇਖਕ ਬਣਨਾ ਹੈ ਤਾਂ ਹਰ ਸਾਹਿਤਕ ਵਿਧਾ ਦੀਆਂ ਚੰਗੀਆਂ ਕਿਤਾਬਾਂ ਪੜ੍ਹੋ। ਕਿਸੇ ਲੇਖਕ ਸਭਾ ਜਾਂ ਰੀਡਰ ਕਲੱਬ ਦੇ ਮੈਂਬਰ ਜ਼ਰੂਰ ਬਣੋ। ਨਵੇਂ ਵਿਚਾਰ ਮਿਲਣਗੇ। ਵਿਚਾਰ-ਚਰਚਾ ਹੋ ਜਾਵੇਗੀ। ਹਮੇਸ਼ਾ ਪੈੱਨ ਤੇ ਨੋਟਬੁਕ ਕੋਲ ਰੱਖੋ। ਨਵਾਂ ਵਿਚਾਰ ਆਵੇ ਝੱਟ ਨੋਟ ਕਰ ਲਓ। ਨਿਰੰਤਰ ਲਿਖਦੇ ਰਹੋ। ਸਿਹਤ ਦੀ ਕੀਮਤ 'ਤੇ ਨਹੀਂ, ਨਾ ਹੀ ਦਿਮਾਗ 'ਤੇ ਬੋਝ ਪਾ ਕੇ ਲਿਖੋ। ਲਿਖਣ ਦਾ ਕੋਈ ਖਾਸ ਸਮਾਂ ਮਿੱਥ ਲਓ।

**? ਕੀ ਵਿਗਿਆਨ ਗਲਪ ਕਹਾਣੀਆਂ ਵਿਚਲੀਆਂ ਘਟਨਾਵਾਂ ਅੱਗੇ ਜਾ ਕੇ ਸੱਚ ਵੀ ਸਿੱਧ ਹੋਈਆਂ ਹਨ।**

—ਅਜਿਹਾ ਅੰਗਰੇਜ਼ੀ ਵਿਗਿਆਨ ਗਲਪ ਵਿੱਚ ਕਈ ਵਾਰ ਹੋ ਚੁੱਕਾ ਹੈ। ਜਿਵੇਂ ਚੰਨ 'ਤੇ ਮਨੁੱਖ ਦਾ ਪਹੁੰਚਣਾ, ਐਟਮ ਬੰਬ ਆਦਿ ਤੇ ਚਿਰ ਪਹਿਲਾਂ ਗਲਪ ਕਹਾਣੀਆਂ ਸਿਰਜੀਆਂ ਗਈਆਂ ਸਨ।

**? ਹੋਰ ਕੋਈ ਗੱਲ ਕਰਨੀ ਚਾਹੋਗੇ।**

—ਮੈਂ ਤੁਹਾਡਾ ਧੰਨਵਾਦ ਕਰਨਾ ਚਾਹਾਂਗਾ, ਕਿਉਂਕਿ ਤੁਹਾਡੀ ਬਦੌਲਤ ਹੀ ਮੇਰਾ ਵਿਅਕਤੀਗਤ ਅਤੇ ਸਾਹਿਤਕ ਕੰਮ ਪਾਠਕਾਂ ਦੇ ਰੂਬਰੂ ਹੋ ਸਕਿਆ ਹੈ।

**? 'ਨਵਾਂ ਜ਼ਮਾਨਾ' ਦੇ ਪਾਠਕਾਂ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ।**

—ਵਿਗਿਆਨਕ ਸੋਚ ਨੂੰ ਆਪਣੀ ਜੀਵਨ ਜਾਚ ਦਾ ਹਿੱਸਾ ਬਣਾਓ, ਤੁਹਾਡੀ ਸ਼ਖ਼ਸੀਅਤ ਨਿੱਖਰੀ ਲੱਗੇਗੀ।



ਨਿਊ ਇੰਗਲੈਂਡ ਸਾਹਿਤ ਸੰਮੇਲਨ ਦੀ ਗਰੁੱਪ ਤਸਵੀਰ।

# ਬਾਲ ਕੋਨਾ

## ਪਾਪਾ ਕੀ ਪਰੀ

ਤੁਮ ਸੁਨੋ ਹਮੇਸ਼ਾਂ ਪਾਪਾ ਕੀ ਪਰੀ
ਤੋਂ ਬੇਟੀ ਹੀ ਹੋਤੀ ਹੈ
ਕਭੀ ਦੇਖਨਾ ਪਾਪਾ ਵੀ ਰੋਤੇ ਹੈ
ਜਬ ਪਰੀ ਵੋ ਰੋਤੀ ਹੈ
ਤੇਰੀ ਸਹੇਲੀਆਂ ਕਹਿਤੀ ਹੈ
ਪਾਪਾ ਤੋਂ ਪੱਥਰ ਜੈਸੇ ਹੋਤੇ ਹੈ
ਮਗਰ ਯਾਦ ਰਖਨਾ ਪਾਪਾ ਜਾਗਤੇ ਹੈ
ਜਬ ਆਪ ਸੋਤੇ ਹੈ
ਦੁੱਖ ਲੱਗਤਾ ਹੈ ਜਬ ਕੋਈ
ਬੁਰਾ ਪਰੀ ਕੋ ਕਹਿਤਾ ਹੈ
ਕੌਨ ਜਾਨੇ ਕਿਤਨੀ ਪੀੜਾ
ਫ਼ਿਰ ਅਕੇਲਾ ਪਾਪਾ ਸਹਿਤਾ ਹੈ
ਜੇ ਭੂਲ ਮੱਤ ਜਾਨਾ
ਤੁਮ ਪਰੀ ਹੋ ਅਪਨੇ ਪਾਪਾ ਕੀ
ਇੱਜਤ ਮੱਤ ਉਛਾਲਨਾ
ਕਭੀ ਵੀ ਬੇਟਾ ਅਪਨੇ ਪਾਪਾ ਕੀ
ਸੱਚ ਮੇ ਵੋ ਦੇਖਨਾ ਚਾਹਤੇ ਹੈ
ਤੁਮੇ ਆਸਮਾਨ ਕੇ ਤਾਰੋਂ ਮੇ
ਤੁਮ ਪਰੀ ਹੋ ਪਾਪਾ ਕੀ
ਵੋ ਪਹਿਚਾਨ ਲੇਂਗੇ ਤੁਮੇ ਹਜ਼ਾਰੋਂ ਮੇ
ਕਭੀ ਡਾਂਟਨੇ ਕੀ ਵਜ੍ਹਾ ਵੀ
ਬੇਟਾ ਤੁਮ ਦਿਲ ਸੇ ਪੂਛ ਲੇਨਾ
ਪਹਿਲੇ ਪਾਪਾ ਕਾ ਪਿਆਰ ਦੇਖ ਲੇਨਾ
ਬਾਦ ਮੇਂ ਰੂਠ ਲੇਨਾ

—ਗੁਰਪ੍ਰੀਤ ਸਿੰਘ ਜਖਵਾਲੀ

## ਘਰ ਦਾ ਕੰਮ

ਸਕੂਲ ਵਿਚੋਂ ਘਰ ਦਾ ਕੰਮ ਮਿਲੇ ਬਹੁਤ ਸਾਰਾ।
ਬੱਚਿਆਂ ਤੋਂ ਚੁੱਕਿਆ ਨਾ ਜਾਵੇ ਬਸਤਾ ਭਾਰਾ।।
ਬਾਲ ਉਮਰ ਵਿੱਚ ਹੱਦੋਂ ਵੱਧ ਬੋਝ ਪੈ ਗਿਆ
ਫੁੱਲਾਂ ਵਰਗਾ ਬਚਪਨ ਕੈਦ ਹੋ ਕੇ ਰਹਿ ਗਿਆ
ਨਾ ਮੁੱਕੇ ਕੰਮ ਕਾਪੀ ਦਾ ਨਾ ਆਵੇ ਖੇਡ ਦਾ ਨਜ਼ਾਰਾ।
ਸਕੂਲ ਵਿੱਚੋਂ ਘਰ ਦਾ ਕੰਮ....।।
ਸਾਡੇ ਉੱਤੇ ਕਿਸੇ ਨੂੰ ਤਰਸ ਨਹੀਓਂ ਆਉਂਦਾ
ਹਰ ਕੋਈ ਰੋਅਬ ਹੈ ਸਾਡੇ ਉੱਤੇ ਪਾਉਂਦਾ
ਦੇਣ ਫੋਕੇ ਭਾਸ਼ਣ, ਬਣੇ ਨਾ ਸੱਚਾ ਕੋਈ ਸਹਾਰਾ।
ਸਕੂਲ ਵਿਚੋਂ ਘਰ ਦਾ ਕੰਮ....।।
ਪੜ੍ਹਾਈ ਪੱਖੋਂ ਥੋਥੇ ਕੀ ਪ੍ਰਾਈਵੇਟ ਕੀ ਸਰਕਾਰੀ
ਨਵੇਂ ਨਵੇਂ ਰੂਲ ਵਿੱਦਿਆ ਦੇ ਨਾਂਅ 'ਤੇ ਕਰਦੇ ਨੇ ਜਾਰੀ
ਕਰੋ ਕੋਈ ਠੋਸ ਵਿਚਾਰ, ਨਾ ਏਦਾਂ ਚੱਲਣਾ ਗੁਜ਼ਾਰਾ।
ਸਕੂਲ ਵਿੱਚੋਂ ਘਰ ਦਾ ਕੰਮ ....।।
ਪੜ੍ਹੀ ਜਾਵੋ ਲਿਖੀ ਜਾਵੋ ਇਹੀ ਸਕੂਲੀ ਕਾਰਵਾਈ
ਚੰਗੀ ਤਰ੍ਹਾਂ ਕਦੇ ਟੀਚਰ ਨੇ ਨਾ ਗੱਲ ਸਮਝਾਈ
ਪੜ੍ਹਾਈ ਦਾ ਵਿਵੇਕ ਦੇਸ਼ 'ਚੋਂ, ਡੁੱਬ ਨਾ ਜਾਏ ਤਾਰਾ
ਸਕੂਲ ਵਿਚੋਂ ਘਰ ਦਾ ਕੰਮ....।।

—ਵਿਵੇਕ, ਕੋਟ ਈਸੇ ਖਾਂ



ਨਵਦੀਪ ਕੌਰ, ਚੌਥੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ



ਭਵਨਦੀਪ ਸਿੰਘ, ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ